


ਸੰਵਾਦ-18 (ਜੁਲਾਈ-ਦਸੰਬਰ 2023) ISSN : 2395-1273 **www.sanvad.org**

# ਪੰਜਾਬ ਲੋਕ ਸਭਿਆਚਾਰਕ ਮੰਚ ਦੀਆਂ ਗੀਤ-ਸੰਗੀਤ ਮੰਡਲੀਆਂ : ਇਕ ਸਰਵੇਖਣ

ਪੰਜਾਬ ਵਿਚ ਲੋਕ-ਪੱਖੀ ਸੰਗੀਤ ਮੰਡਲੀਆਂ ਦੀ ਸਥਾਪਨਾ ਪਲਸ ਮੰਚ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਹੋ ਚੁੱਕੀ ਸੀ। ਪੰਜਾਬ ਦੇ ਸਮਾਜਕ ਮਾਹੌਲ 'ਤੇ ਚੋਟ ਕਰਕੇ ਇਸਦੇ ਬਰਾਬਰ ਲੋਕ-ਹਿੱਤਾਂ ਦੀ ਗੱਲ ਕਰਨ ਵਾਲੇ ਕਲਾ-ਰੂਪਾਂ ਦਾ ਵਿਕਾਸ ਇਪਟਾ ਦੇ ਸਮੇਂ ਤੋਂ ਚੱਲਦਾ ਰਿਹਾ ਹੈ। ਅਸਲ ਵਿਚ ਇਪਟਾ ਨੇ ਪਲਸ ਮੰਚ ਦੀ ਸਥਾਪਨਾ ਲਈ ਇਕ ਜ਼ਮੀਨ ਤਿਆਰ ਕੀਤੀ। ਪਲਸ ਮੰਚ ਦੇ ਹੋਂਦ ਵਿਚ ਆਉਣ ਦੇ ਮੁੱਢਲੇ ਸਾਲਾਂ ਵਿਚ ਪੰਜਾਬ ਦੇ ਸਮਾਜਕ-ਰਾਜਨੀਤਿਕ ਧਰਾਤਲ 'ਤੇ ਕਾਫ਼ੀ ਉੱਥਲ-ਪੁੱਥਲ ਰਹੀ। ਇਪਟਾ ਦੀਆਂ ਗਤੀਵਿਧੀਆਂ, 1978 ਦਾ ਬੇਰੁਜ਼ਗਾਰਾਂ ਦਾ ਘੋਲ, ਨਕਸਲਬਾੜੀ ਲਹਿਰ ਦੀਆਂ ਗਤੀਵਿਧੀਆਂ ਕਾਰਨ ਸੂਬੇ ਅੰਦਰ ਪੈਦਾ ਹੋਈ ਹਲਚਲ, ਇਨਕਲਾਬੀ ਕਾਰਕੁੰਨਾਂ 'ਤੇ ਸਟੇਟ ਦਾ ਤਸ਼ੱਦਦ, ਖਾਲਿਸਤਾਨ ਦੀ ਮੰਗ, ਸੂਬੇ ਅੰਦਰ ਡਰ ਤੇ ਦਹਿਸ਼ਤ ਦਾ ਮਾਹੌਲ ਵਰਗੇ ਕਈ ਅਜਿਹੇ ਕਾਰਨ ਰਹੇ ਜਿਨ੍ਹਾਂ ਨੇ ਇਨਕਲਾਬੀ ਗੀਤਕਾਰਾਂ ਤੇ ਗਾਇਕਾਂ ਨੂੰ ਜਨਮ ਦਿੱਤਾ। ਇਹ ਇਨਕਲਾਬੀ ਗਾਇਕ ਵੱਖ ਸਟੇਜਾਂ ਤੋਂ, ਧਰਨਿਆਂ-ਮੁਜ਼ਾਹਰਿਆਂ ਵਿਚ ਇਨਕਲਾਬੀ ਤੇ ਅਗਾਂਹਵਧੂ ਗੀਤ ਪੇਸ਼ ਕਰਦੇ। ਹੌਲੀ-ਹੌਲੀ ਇਨਕਲਾਬੀ ਸਟੇਜਾਂ ਤੋਂ ਇਕੱਲੇ ਜਾਂ ਵਿਅਕਤੀਗਤ ਤੌਰ 'ਤੇ ਗੀਤ ਗਾਉਣ ਵਾਲੇ ਲੋਕ-ਪੱਖੀ ਗਾਇਕਾਂ ਨੇ ਸੰਗਠਿਤ ਰੂਪ ਵਿਚ ਭਾਵ ਟੀਮ ਬਣਾ ਕੇ ਕੰਮ ਕਰਨ ਦੀ ਪਹਿਲਕਦਮੀ ਕੀਤੀ। ਨਾਲ ਹੀ ਪਲਸ ਮੰਚ ਆਪਣੇ ਏਜੰਡੇ 'ਤੇ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਸੀ। ਪਲਸ ਮੰਚ ਦਾ ਏਜੰਡਾ ਸਾਫ਼-ਸੁਥਰੀ, ਮਿਆਰੀ ਤੇ ਇਨਕਲਾਬੀ ਗਾਇਕੀ ਦੇ ਖੇਤਰ ਵਿਚ ਕੰਮ ਕਰਦੀਆਂ ਟੀਮਾਂ ਨੂੰ ਆਪਣੀ ਸਰਪ੍ਰਸਤੀ ਹੇਠ ਲੈਣਾ ਸੀ ਕਿਉਂਕਿ ਪਲਸ ਮੰਚ ਦੀ ਸੰਸਥਾ ਬਦਲਵੇਂ ਸਭਿਆਚਾਰ ਦੀ ਸਥਾਪਤੀ ਦੇ ਉਦੇਸ਼ ਨੂੰ ਲੈ ਅੱਗੇ ਆਈ ਸੀ। ਇਸਲਈ ਅਜਿਹੀ ਸੰਸਥਾ ਨੂੰ ਇਨਕਲਾਬੀ ਕਵੀਆ ਤੇ ਇਨਕਲਾਬੀ ਗਾਇਕਾਂ ਦੇ ਸਾਥ ਦੀ ਵੱਡੀ ਲੋੜ ਸੀ। ਇੱਥੋਂ ਹੀ ਲੋਕ ਸੰਗੀਤ ਮੰਡਲੀਆਂ ਦੀ ਸਥਾਪਨਾ ਲਈ ਆਧਾਰ ਖੜ੍ਹਾ ਹੋਇਆ। ਹੇਠਾਂ ਅਸੀਂ ਵੱਖ-ਵੱਖ ਸੰਗੀਤ ਮੰਡਲੀਆਂ ਬਾਰੇ ਖੁੱਲ ਕੇ ਚਰਚਾ ਕਰਾਂਗੇ :-



**ਸਰਵੀਰ ਕੌਰ**
ਖੋਜ ਵਿਦਿਆਰਥਣ
ਪੰਜਾਬੀ ਯੂਨੀਵਰਸਿਟੀ
ਪਟਿਆਲਾ
80549-07201
paigamtheotre
@gmail.com

## 1. ਲੋਕ ਸੰਗੀਤ ਮੰਡਲੀ, ਭਦੌੜ

ਪੰਜਾਬ ਵਿਚ ਲੋਕ ਸੰਗੀਤ ਮੰਡਲੀ ਭਦੌੜ ਸਭ ਤੋਂ ਪਹਿਲਾਂ ਹੋਂਦ ਵਿਚ ਆਈ। ਸਾਲ 1978 ਵਿਚ ਪੰਜਾਬ ਵਿਚ ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਘੋਲ ਚੱਲ ਰਿਹਾ ਸੀ। 1978 ਤੋਂ ਪਹਿਲੇ ਕੁੱਝ ਸਾਲਾਂ 74-75 ਦੇ ਅਰਸੇ ਦੌਰਾਨ ਮਾਸਟਰ ਰਾਮ ਕੁਮਾਰ ਭਦੌੜ ਤੇ ਉਨ੍ਹਾਂ ਦੇ ਨਾਲ ਕੁੱਝ ਹੋਰ ਸਾਥੀ ਆਪਣੇ ਪੱਧਰ 'ਤੇ ਧਰਨਿਆਂ-ਮੁਜ਼ਾਹਰਿਆਂ ਦੌਰਾਨ ਇਨਕਲਾਬੀ ਗੀਤਾਂ ਦੀ ਪੇਸ਼ਕਾਰੀ ਕਰਦੇ ਸਨ। ਇਸ ਘੋਲ ਦੇ ਦੌਰਾਨ ਹੀ ਉਨ੍ਹਾਂ ਲੋਕ ਸੰਗੀਤ ਮੰਡਲੀ ਭਦੌੜ (1978) ਦੀ

ਸਥਾਪਨਾ ਕੀਤੀ। ਸ਼ੁਰੂਆਤੀ ਦੌਰ ਵਿਚ ਲੋਕ ਸੰਗੀਤ ਮੰਡਲੀ ਭਦੌੜ ਨਾਲ ਕ੍ਰਿਸ਼ਨ ਕੋਰਪਾਲ, ਜਗਰਾਜ ਧੌਲਾ, ਗੁਰਚਰਨ ਗੋਪੀ, ਮਲਕੀਤ ਸਿੰਘ ਆਦਿ ਗਾਇਕ ਕੰਮ ਕਰਦੇ ਸਨ। ਮੰਡਲੀ ਦੇ ਸਰਪ੍ਰਸਤ ਮਾ. ਰਾਮ ਕੁਮਾਰ ਗਾਇਕ ਦੇ ਨਾਲ-ਨਾਲ ਗੀਤਾਂ ਦੀਆਂ ਤਰਜਾਂ ਘੜਨ ਤੇ ਸੰਗੀਤ ਦੇਣ ਦਾ ਕੰਮ ਕਰਦੇ ਸਨ। ਹੌਲੀ-ਹੌਲੀ ਮੰਡਲੀ ਨੇ ਵਰਕਸ਼ਾਪਾਂ ਲਗਾਉਣ ਦਾ ਤਹੱਈਆ ਕੀਤਾ। 1980-81 ਵਿਚ ਮੰਡਲੀ ਵੱਲੋਂ ਸੱਤ ਰੋਜ਼ਾ ਕੈਂਪ ਲਗਾਇਆ ਗਿਆ। ਸੱਤ ਦਿਨਾਂ ਦੇ ਕੈਂਪ ਵਿਚ ਲਗਾਤਾਰ ਰਿਹਰਸਲਾਂ ਕਰਦਿਆਂ ਵੱਖ-ਵੱਖ ਕੈਸਟਾਂ ਲਈ ਗੀਤ ਚੁਣੇ ਗਏ। ਤਿੰਨ ਕੈਸਟਾਂ ਲਈ ਗੀਤਾਂ ਦੀ ਚੋਣ ਹੋਈ 'ਇਨਕਲਾਬੀ ਗੀਤ' ਦੇ ਨਾਂ ਹੇਠ ਲੋਕ ਸੰਗੀਤ ਮੰਡਲੀ ਭਦੌੜ ਦੀ ਪਹਿਲੀ ਕੈਸਟ ਤਿਆਰ ਕਰਕੇ ਲੋਕਾਂ ਤੱਕ ਲਿਆਂਦੀ ਗਈ। ਇਸ ਕੈਸੇਟ ਲਈ ਕ੍ਰਿਸ਼ਨ ਕੋਰਪਾਲ, ਜਗਰਾਜ ਧੌਲਾ, ਗੁਰਚਰਨ ਗੋਪੀ, ਮਲਕੀਤ ਸਿੰਘ, ਮਾ. ਰਾਮ ਕੁਮਾਰ ਨੇ ਗੀਤ ਗਾਏ। ਸਾਰੇ ਗੀਤਾਂ ਵਿਚ ਸੰਗੀਤ ਮਾ. ਰਾਮ ਕੁਮਾਰ ਭਦੌੜ ਨੇ ਦਿੱਤਾ। ਇਹ ਉਹ ਦੌਰ ਸੀ ਜਦੋਂ ਪੂਰੇ ਪੰਜਾਬ 'ਚ ਦੋ ਗਾਣਾ ਗਾਇਕੀ ਤੇ ਅਖਾੜਿਆਂ ਦਾ ਦੌਰ ਚੱਲ ਰਿਹਾ ਸੀ। ਮੁੱਖ ਧਾਰਾਈ ਗੀਤਾਂ ਦੀ ਪੂਰੀ ਚੜ੍ਹਤ ਸੀ। ਇਸ ਦੌਰ ਵਿਚ 'ਇਨਕਲਾਬੀ ਗੀਤ' ਪਹਿਲਾ ਉੱਦਮ ਸੀ ਜੋ ਪੂਰੀ ਤਰ੍ਹਾਂ ਕਾਮਯਾਬ ਰਿਹਾ। ਪਹਿਲੀ ਕੈਸੇਟ ਨੂੰ ਲੋਕਾਂ ਵੱਲੋਂ ਮਿਲੇ ਹੁੰਗਾਰੇ ਤੋਂ ਬਾਅਦ ਲੋਕ ਸੰਗੀਤ ਮੰਡਲੀ ਭਦੌੜ ਵੱਲੋਂ ਦੂਜੀ ਕੈਸੇਟ ਰਿਕਾਰਡ ਕਰਵਾਈ ਗਈ। 'ਲੋਕਾਂ ਦੇ ਗੀਤ' ਦੇ ਨਾਂ ਹੇਠ ਇਹ ਕੈਸੇਟ ਸਾਲ 1982 ਵਿਚ 'ਸਰਸਵਤੀ ਰਿਕਾਰਡਿੰਗ ਸਟੂਡੀਓ, ਦਿੱਲੀ' ਤੋਂ ਰਿਕਾਰਡ ਹੋਈ। ਗਾਇਕਾਂ ਵਜੋਂ ਕ੍ਰਿਸ਼ਨ ਕੋਰਪਾਲ, ਜਗਰਾਜ ਧੌਲਾ ਤੇ ਪਿਆਰਾ ਸਿੰਘ ਚਹਿਲ ਨੇ ਆਵਾਜ਼ਾਂ ਦਿੱਤੀਆਂ। ਵਰਨਣਯੋਗ ਹੈ ਕਿ ਕੈਸੇਟ ਵਿਚ ਪਿਆਰਾ ਸਿੰਘ ਚਾਹਲ ਦਾ ਗਾਇਆ ਗੀਤ 'ਮੈਂ ਔਰਤ ਹਾਂ ਜੱਗ ਦੀ ਜਨਣੀ' (ਰਚਨਾ-ਕ੍ਰਿਸ਼ਨ ਕੋਰਪਾਲ) ਬਹੁਤ ਮਕਬੂਲ ਹੋਇਆ ਜੋ ਬਾਅਦ ਵਿਚ ਪੰਜਾਬੀ ਫੀਚਰ ਫ਼ਿਲਮ 'ਪੱਗੜੀ ਸੰਭਾਲ ਜੱਟਾ' ਲਈ ਚੁਣਿਆ ਗਿਆ ਤੇ ਦਿਲਰਾਜ ਕੌਰ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਇਸ ਤੋਂ ਇਲਾਵਾ ਕੈਸੇਟ ਵਿਚ ਦੁੱਲੇ-ਲੱਧੀ ਦੇ ਸਵਾਲ-ਜਵਾਬ ਵੀ ਬਹੁਤ ਮਕਬੂਲ ਹੋਏ।

ਇਸ ਤੋਂ ਬਾਦ ਲੋਕ ਸੰਗੀਤ ਮੰਡਲੀ ਭਦੌੜ ਵੱਲੋਂ ਆਪਣੀ ਅਗਲੀ ਕੈਸਟ 1984 ਵਿਚ 'ਦਾਜ ਦੀ ਲਾਹਣਤ' ਨਾਂ ਹੇਠ ਕੱਢੀ ਗਈ। ਇਸ ਕੈਸੇਟ ਲਈ ਕਲਾਕਾਰਾਂ ਵੱਲੋਂ ਮਹੀਨਾ ਭਰ ਵਰਕਸ਼ਾਪ ਲਾਈ ਗਈ। ਪੁਰਾਣੇ ਗਾਇਕਾਂ ਦੇ ਨਾਲ-ਨਾਲ ਨਵੇਂ ਗਾਇਕ ਨਛੱਤਰ ਛੱਤਾ ਨੇ ਵੀ ਕੈਸੇਟ ਰਾਹੀਂ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਗੁਰਚਰਨ ਗੋਪੀ ਵੱਲੋਂ ਗਾਏ ਗੀਤ 'ਦਾਜ ਦਹੇਜ ਦੇ ਲੋਭੀਓ ਤੁਸੀਂ ਹੋਸ਼ 'ਚ ਆਓ', 'ਜੱਟਾ ਜਾਗ ਬਈ ਹੁਣ ਜਾਗੋ ਆਈ ਆ', ਨਛੱਤਰ ਛੱਤਾ ਦੇ ਗਾਏ ਗੀਤ 'ਅੱਜ ਦੇ ਜਮਾਨੇ ਵਿਚ ਹੱਜ ਕੀ ਗਰੀਬ ਦਾ' ਪਿਆਰਾ ਸਿੰਘ ਚਾਹਲ ਦਾ ਗਾਇਆ ਗੀਤ 'ਭੋਲਿਆ ਜੱਟਾ ਕੁਝ ਤਾਂ ਸੋਚ ਵਿਚਾਰ ਓਏ', ਲੋਕਾਂ ਵੱਲੋਂ ਬਹੁਤ ਪਸੰਦ ਕੀਤੇ ਗਏ। ਕੈਸੇਟ ਦੇ ਸਾਰੇ ਹੀ ਗੀਤ ਪਿੰਡਾਂ ਵਿਚ ਨਾਟਕ-ਮੇਲਿਆਂ ਜਾਂ ਹੋਰ ਇਨਕਲਾਬੀ ਸਮਾਗਮਾਂ ਵਿਚ ਆਮ ਹੀ ਗਾਏ ਜਾਣ ਵਾਲੇ ਗੀਤ ਬਣ ਗਏ। ਇਨ੍ਹਾਂ ਕੈਸੇਟਾਂ ਨੂੰ ਮਿਲੀ ਰਿਕਾਰਡ ਤੋੜ ਸਫ਼ਲਤਾ ਤੋਂ ਬਾਅਦ ਇਸ ਮੰਡਲੀ ਵੱਲੋਂ ਲਗਾਤਾਰ ਦੁੱਲਾ ਸੂਰਮਾ (1986), ਸਤਲੁਜ ਦਾ ਪੈਗਾਮ (1989),ਜੱਟਾ ਤੇਰੀ ਜੂਨ ਬੁਰੀ (1991), ਜੰਗ ਜਾਰੀ ਹੈ (1992), ਜ਼ਿੰਦਗੀ ਦੇ ਗੀਤ (1997), ਕਸ਼ਿਸ਼ (1998), ਸਰਘੀ ਦਾ ਸੂਰਜ (1998), ਕਲਾ ਦਾ ਸੂਰਜ (2011) ਕੈਸੇਟਾਂ ਲੋਕਾਂ ਦੀ ਝੋਲੀ ਪਾਈਆਂ ਗਈਆਂ। ਇਨ੍ਹਾਂ ਕੈਸੇਟਾਂ ਵਿਚੋਂ 'ਸਤਲੁਜ ਦਾ ਪੈਗਾਮ' ਕੈਸੇਟ ਪਲਸ ਮੰਚ ਵੱਲੋਂ ਰਿਕਾਰਡ ਕਰਵਾਈ ਗਈ ਜਦਕਿ 'ਕਲਾ ਦਾ ਸੂਰਜ' ਕੈਸੇਟ ਗੁਰਸ਼ਰਨ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਪਲਸ ਮੰਚ ਵੱਲੋਂ ਰਿਕਾਰਡ ਕਰਵਾਈ ਗਈ। ਮੰਡਲੀ ਦੇ ਸਰਪ੍ਰਸਤ ਮਾ. ਰਾਮ ਕੁਮਾਰ ਦੇ ਸ਼ਬਦਾਂ ਵਿਚ,

> 'ਜਦੋਂ ਅਸੀਂ ਦੁੱਲਾ ਸੂਰਮਾ ਐਸ. ਕਲਿਆਣੀ ਦਿੱਲੀ ਤੋਂ ਰਿਕਾਰਡ ਕਰਦੇ ਸੀ ਤਾਂ ਉਦੋਂ ਕੇ.ਐਸ. ਨਰੂਲਾ ਦਾ ਮਿਊਜ਼ਿਕ ਰੱਖਿਆ ਗਿਆ ਕਿਉਂਕਿ ਦੁੱਲਾ ਸੂਰਮਾ ਇਕ ਓਪੇਰਾ ਸੀ, ਜਿਸਦਾ ਲੇਖਕ ਕ੍ਰਿਸ਼ਨ ਕੋਰਪਾਲ ਸੀ। ਭਾਅ ਜੀ ਦੇ ਨਾਟਕ 'ਧਮਕ ਨਗਾਰੇ ਦੀ' ਨਾਲ ਉਸਦਾ ਆਈਡੀਆ ਮਿਲਦਾ ਸੀ ਕਿ ਕਿਵੇਂ ਦੁੱਲੇ ਨੂੰ ਡਾਕੂ ਬਣਾ ਕੇ ਪੇਸ਼ ਕੀਤਾ ਜਾਂਦਾ ਸੀ ਪਰ ਅਸਲ 'ਚ ਉਹ ਕਿਸਾਨਾਂ ਦਾ ਨਾਇਕ ਸੀ। ਏਸ ਤਰ੍ਹਾਂ ਉੱਥੋਂ ਜਸਪਿੰਦਰ ਨਰੂਲਾ, ਜੋ ਉਦੋਂ ਵਿਦਿਆਰਥਣ ਸੀ, ਕੇ.ਐਸ. ਨਰੂਲਾ ਦੇ ਕਹਿਣ 'ਤੇ ਅਸੀਂ ਉਸਨੂੰ ਸੁਣਿਆ। ਅਸੀਂ ਸੁਰਿੰਦਰ ਕੌਰ ਨੂੰ ਲੈਣਾ ਸੀ ਪਰ ਜਦੋਂ ਅਸੀਂ ਉਸਨੂੰ ਸੁਣਿਆ ਤਾਂ ਬਹੁਤ ਅੱਛਾ ਗਾ ਰਹੀ ਸੀ। ਅਸੀਂ ਜਸਪਿੰਦਰ ਨਰੂਲਾ ਦੀ ਆਵਾਜ਼ 'ਚ ਚਾਰ ਗੀਤ ਕੈਸੇਟ 'ਚ ਪਾਏ। ਇਸੇ ਤਰ੍ਹਾਂ ਬਰਕਤ ਸਿੱਧੂ, ਡਾ. ਹੁਕਮ ਮਹਿਤਾ, ਜੋ ਰੋਹਤਕ ਯੂਨੀਵਰਸਿਟੀ ਵਿਚ ਸੰਗੀਤ ਵਿਭਾਗ 'ਚ ਮੁਖੀ ਨੇ, ਉਨ੍ਹਾਂ ਦੀ

ਆਵਾਜ਼ 'ਚ ਦਹਿਕਦੇ ਅੰਗਿਆਰਾਂ 'ਤੇ (ਪਾਸ਼ ਦੀ ਗਜ਼ਲ), ਜੱਟਾ ਤੇਰੀ ਜੂਨ ਬੁਰੀ ਰਿਕਾਰਡ ਕਰਵਾਏ। ਫੇਰ 'ਕਸ਼ਿਸ਼' ਗਜ਼ਲਾਂ ਦੀ ਕੈਸੇਟ (ਜ਼ਿਆਦਾਤਰ ਪਾਤਰ ਸਾਬ੍ਹ ਦੀਆਂ ਗਜ਼ਲਾਂ, ਨਵਕਿਰਨ ਦੀ ਗਜ਼ਲ ਜਾਂ ਹੋਰ ਲੈ ਕੇ) ਡਾ. ਹੁਕਮ ਮਹਿਤਾ ਦੀ ਅਵਾਜ਼ 'ਚ ਰਿਕਾਰਡ ਕਰਵਾਈ। ਏਸ ਤਰ੍ਹਾਂ ਇਹ ਸਿਲਸਿਲਾ ਲਗਾਤਾਰ ਚੱਲਦਾ ਰਿਹਾ।'[1]

ਏਸੇ ਸਿਲਸਿਲੇ ਤਹਿਤ 'ਜ਼ਿੰਦਗੀ ਦੇ ਗੀਤ' ਕੈਸੇਟ ਦੇ ਚਾਰ ਗੀਤ ਪ੍ਰਸਿੱਧ ਸੂਫ਼ੀ ਗਾਇਕ ਬਰਕਤ ਸਿੱਧੂ ਵੱਲੋਂ ਗਾਏ ਗਏ। ਜਿਨ੍ਹਾਂ ਵਿਚ ਡਾ. ਜਗਤਾਰ ਦੀ ਗਜ਼ਲ 'ਹਰ ਮੋੜ ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ', ਸੁਰਜੀਤ ਦੇਹੜ ਦਾ ਲਿਖਿਆ ਗੀਤ 'ਸਰੋਂ ਵਰਗੀ ਜਵਾਨੀ ਖਾ ਲਈ ਨਸ਼ਿਆਂ ਨੇ', ਸੁਖਪਾਲ ਦਾ ਗੀਤ 'ਪੱਗੜੀ ਸੰਭਾਲ ਜੱਟਾ' ਤੇ ਕੈਸੇਟ ਦਾ ਟਾਈਟਲ ਗੀਤ 'ਸਾਨੂੰ ਜ਼ਿੰਦਗੀ ਦੇ ਗੀਤ ਸਦਾ ਪਿਆਰੇ ਰਹਿਣਗੇ' ਬਰਕਤ ਸਿੱਧੂ ਦੀ ਆਵਾਜ਼ ਵਿਚ ਲੋਕਾਂ ਵਿਚ ਹਰਮਨ ਪਿਆਰੇ ਹੋਏ। ਵੱਖ-ਵੱਖ ਨਾਟਕ ਟੀਮਾਂ ਵੱਲੋਂ ਇਨ੍ਹਾਂ ਗੀਤਾਂ 'ਤੇ ਕੋਰਿਓਗ੍ਰਾਫ਼ੀਆਂ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਇਨ੍ਹਾਂ ਸਾਰੀਆਂ ਆਡੀਓ ਕੈਸੇਟਾਂ ਦੇ ਵੱਖ-ਵੱਖ ਗੀਤਾਂ (ਦਹਿਕਦੇ ਅੰਗਿਆਰਾਂ 'ਤੇ, ਪੱਕਾ ਘਰ ਟੋਲੀਂ ਬਾਬਲਾ, ਮੇਰੀ ਮੌਤ 'ਤੇ ਨਾ ਰੋਇਓ ਉੱਪਰ ਲੰਮੇ ਸਮੇਂ ਤੱਕ ਸਕੂਲਾਂ, ਕਾਲਜਾਂ ਤੇ ਇਨਕਲਾਬੀ ਸਟੇਜ਼ਾਂ 'ਤੇ ਕੋਰਿਓਗ੍ਰਾਫੀਆਂ ਤੇ ਐਕਸ਼ਨ ਗੀਤ ਖੇਡੇ ਜਾਂਦੇ ਰਹੇ। ਦਹਿਕਦੇ ਅੰਗਿਆਰਾਂ 'ਤੇ ਭਾਅ ਜੀ ਗੁਰਸ਼ਰਨ ਸਿੰਘ ਦੀ ਟੀਮ ਵੱਲੋਂ ਤਿਆਰ ਕੀਤਾ ਐਕਸ਼ਨ ਗੀਤ ਬਹੁਤ ਮਕਬੂਲ ਹੋਇਆ। ਮੰਡਲੀ ਦੇ ਇਸ ਸਮੇਂ ਦੇ ਗਾਇਕਾਂ ਵਿਚ ਮੇਜਰ ਖਾਨ ਤੇ ਰਾਜ ਮੁਹੰਮਦ ਦਾ ਨਾਂ ਵੀ ਜ਼ਿਕਰਯੋਗ ਹੈ।

1982 ਵਿਚ ਪਲਸ ਮੰਚ ਦੀ ਸਥਾਪਨਾ ਦੇ ਅਗਲੇ ਸਾਲ ਭਾਵ 1983 ਵਿਚ ਲੋਕ ਸੰਗੀਤ ਮੰਡਲੀ ਭਦੌੜ ਪੰਜਾਬ ਲੋਕ ਸਭਿਆਚਾਰਕ ਮੰਚ ਦੀ ਮੈਂਬਰ ਬਣ ਗਈ। ਗੀਤ-ਸੰਗੀਤ ਮੰਡਲੀ ਦੇ ਸੰਚਾਲਕ ਮਾਸਟਰ ਰਾਮ ਕੁਮਾਰ ਨੇ ਖੋਜਕਰਤਾ ਨਾਲ ਆਪਣੀ ਗੱਲਬਾਤ ਦੌਰਾਨ ਦੱਸਿਆ;

'ਹੁਣ ਮੰਡਲੀ ਦੇ ਜ਼ਿਆਦਾਤਰ ਪ੍ਰੋਗਰਾਮ ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਨਾਲ ਹੋਣ ਲੱਗੇ ਸਨ। ਜਦੋਂ ਵੀ ਕੋਈ ਸੁਸਾਇਟੀ, ਜਥੇਬੰਦੀ, ਕਲੱਬ, ਸਕੂਲ, ਕਾਲਜ ਵੱਲੋਂ ਗੁਰਸ਼ਰਨ ਸਿੰਘ ਦੀ ਟੀਮ ਬੁੱਕ ਕੀਤੀ ਜਾਂਦੀ ਤਾਂ ਨਾਲ ਹੀ ਮੰਡਲੀ ਨੂੰ ਬੁੱਕ ਕਰ ਲਿਆ ਜਾਂਦਾ। ਇਸਤੋਂ ਬਿਨਾਂ ਜਦੋਂ ਗੁਰਸ਼ਰਨ ਸਿੰਘ ਤੇ ਉਸਦੀ ਟੀਮ ਨੂੰ ਕੋਈ ਪ੍ਰੋਗਰਾਮ ਮਿਲਦਾ ਤਾਂ ਉਹ ਮੰਡਲੀ ਨੂੰ ਆਪਣੇ ਵੱਲੋਂ ਬੁਲਾ ਲੈਂਦੇ ਜਾਂ ਪ੍ਰਬੰਧਕਾਂ ਨੂੰ ਕਹਿ ਦਿੰਦੇ। ਕਈ ਵਾਰ ਵੱਖਰੇ ਤੇ ਇਕੱਲੇ ਪ੍ਰੋਗਰਾਮ ਵੀ ਮਿਲਦੇ ਰਹੇ ਜਿਵੇਂ: ਦਾਜ ਰਹਿਤ ਵਿਆਹ ਦੇ ਪ੍ਰੋਗਰਾਮ ਜਾਂ ਸਿਰਫ਼ ਮੰਡਲੀ ਦਾ ਅਖਾੜਾ ਭਾਵ ਜਦੋਂ ਕੋਈ ਪ੍ਰਬੰਧਕ ਦੂਹਰਾ ਖ਼ਰਚਾ (ਨਾਟਕ ਤੇ ਗੀਤ-ਸੰਗੀਤ) ਚੁੱਕਣ ਤੋਂ ਅਸਮਰੱਥ ਹੁੰਦੇ ਤਾਂ ਉਹ ਮੰਡਲੀ ਨੂੰ ਬੁਲਾ ਲੈਂਦੇ। ਪਲਸ ਮੰਚ ਵਿਚ ਗੁਰਸ਼ਰਨ ਸਿੰਘ ਦੀ ਸਰਪ੍ਰਸਤੀ ਮਿਲਣ ਮਗਰੋਂ ਲੋਕ ਸੰਗੀਤ ਮੰਡਲੀ ਭਦੌੜ ਨੇ ਜਲੰਧਰ, ਚੰਡੀਗੜ੍ਹ, ਲੁਧਿਆਣੇ ਵਰਗੇ ਵੱਡੇ ਸ਼ਹਿਰਾਂ, ਵੱਡੇ ਆਡੀਟੋਰੀਅਮ ਤੇ ਹਰ ਤਰ੍ਹਾਂ ਦੀ ਇਨਕਲਾਬੀ ਸਟੇਜ ਤੋਂ ਲੋਕ-ਪੱਖੀ ਗੀਤਾਂ ਦੇ ਪ੍ਰੋਗਰਾਮ ਦਿੱਤੇ। ਪੰਜਾਬ ਤੋਂ ਬਾਹਰ ਹਰਿਆਣਾ, ਦਿੱਲੀ ਆਦਿ ਰਾਜਾਂ ਵਿਚ ਵੀ ਪੇਸ਼ਕਾਰੀਆਂ ਹੋਈਆਂ।'[2]

ਲੋਕ ਸੰਗੀਤ ਮੰਡਲੀ ਭਦੌੜ ਦੀ ਦੇਣ ਕਾਫੀ ਪੱਖਾਂ ਵਿਚ ਹੈ। ਪਹਿਲਾ ਪੱਖ; ਸੰਗੀਤ ਦੀ ਟੀਮ ਤਿਆਰ ਕਰਕੇ ਦੋ-ਗਾਣਾ ਗਾਇਕੀ ਤੇ ਅਖਾੜਿਆਂ ਦੇ ਬਦਲ ਵਿਚ ਲੋਕ-ਪੱਖੀ ਗਾਇਕੀ ਦੇ ਅਖਾੜਿਆਂ ਦਾ ਸਭਿਆਚਾਰ ਤਿਆਰ ਕਰਨਾ ਹੈ। ਦੂਜਾ ਪੱਖ; ਸਮਾਜਕ ਬੁਰਾਈਆਂ 'ਤੇ ਚੋਟ ਕਰਦੇ ਵਿਸ਼ਿਆਂ 'ਤੇ ਪਹਿਲੀ ਵਾਰ ਆਡੀਓ ਕੈਸੇਟਾਂ ਲੋਕਾਂ ਵਿਚ ਲੈ ਕੇ ਜਾਣੀਆਂ। ਇਸਦੇ ਨਾਲ-ਨਾਲ ਇਕ ਗੱਲ ਹੋਰ ਵੀ ਜ਼ਿਕਰਯੋਗ ਹੈ ਕਿ ਸੰਗੀਤ ਮੰਡਲੀ ਦੇ ਸਫ਼ਰ ਦੇ ਮੁੱਢਲੇ ਦੌਰ ਵਿਚ ਇਨਕਲਾਬੀ ਗਾਇਕੀ ਵਿਚ ਸੰਗੀਤ ਵਰਜਿਤ ਸੀ। ਗੀਤਾਂ ਲਈ ਸੰਗੀਤ ਦਾ ਸਹਿਯੋਗ ਨਹੀਂ ਸੀ ਲਿਆ ਜਾਂਦਾ। ਜੇਕਰ ਕੋਈ ਗਾਇਕ ਕਿਸੇ ਸਾਜ਼ ਦੀ ਮੱਦਦ ਨਾਲ ਗਾਉਣ ਦੀ ਕੋਸ਼ਿਸ਼ ਕਰਦਾ ਤਾਂ ਸਾਜ਼ ਪਾਸੇ ਰਖਵਾ ਦਿੱਤਾ ਜਾਂਦਾ ਸੀ। ਇਸ ਦੌਰ ਵਿਚ ਇਨਕਲਾਬੀ ਤੇ ਉਸਾਰੂ ਗਾਇਕੀ ਨੂੰ ਸੰਗੀਤ ਨਾਲ ਗਾਉਣ ਦਾ ਮੁੱਢ ਲੋਕ ਸੰਗੀਤ ਮੰਡਲੀ ਭਦੌੜ ਨੇ ਬੰਨ੍ਹਿਆ।

ਮੰਡਲੀ ਦੀ ਆਰਥਿਕਤਾ ਦਾ ਆਧਾਰ ਬਿਨਾਂ ਲਾਭ ਤੇ ਹਾਨੀ ਦਾ ਰਿਹਾ ਹੈ। ਅਸਲ ਵਿਚ ਕਈ ਵਾਰ ਹਾਨੀ ਝੱਲਣੀ ਪੈਂਦੀ ਹੈ। ਇਕ ਕਾਰਨ ਤਾਂ ਇਹ ਹੈ ਕਿ ਪ੍ਰਬੰਧਕ ਜ਼ਿਆਦਾਤਰ ਮਜ਼ਦੂਰ ਪਰਿਵਾਰਾਂ ਵਿਚੋਂ ਹੁੰਦੇ ਹਨ। ਜੋ ਬਹੁਤਾ ਖ਼ਰਚਾ ਨਹੀਂ ਝੱਲ ਸਕਦੇ। ਦੂਜਾ ਵੱਡਾ ਕਾਰਨ ਵੱਡੇ ਪ੍ਰਬੰਧਕਾਂ ਵੱਲੋਂ ਸੰਗੀਤ ਮੰਡਲੀਆਂ ਨੂੰ ਬਜਟ ਕਸ ਕੇ ਦਿੱਤਾ ਜਾਂਦਾ ਹੈ ਭਾਵ ਸਿਰਫ਼ ਖ਼ਰਚਾ ਹੀ ਪੂਰਾ ਕੀਤਾ ਜਾਂਦਾ ਹੈ। ਜੇਕਰ ਮੰਡਲੀ ਵੱਲੋਂ ਰਿਕਾਰਡ

ਕਰਵਾਈਆਂ ਕੈਸੇਟਾਂ ਦੇ ਖ਼ਰਚੇ ਦੀ ਗੱਲ ਕਰੀਏ ਤਾਂ ਪਹਿਲੀਆਂ ਕੈਸੇਟਾਂ ਦਾ ਖ਼ਰਚਾ 'ਲੋਕਾਂ ਦੇ ਗੀਤ', 'ਦਾਜ ਦੀ ਲਾਹਣਤ' ਲੋਕਾਂ ਤੋਂ ਫੰਡ ਇਕੱਠਾ ਕਰਕੇ ਪੂਰਾ ਕੀਤਾ ਗਿਆ। ਬਾਕੀ ਕੈਸੇਟਾਂ ਲਈ ਆਪਣੇ ਪੱਲਿਉਂ ਮੰਡਲੀ ਨੂੰ ਪੈਸੇ ਲਾਉਣੇ ਪਏ। ਲੋਕ ਸੰਗੀਤ ਮੰਡਲੀ ਜੋ 1978 ਤੋਂ ਲਗਾਤਾਰ ਪੰਜਾਬ ਦੇ ਪਿੰਡਾਂ-ਸ਼ਹਿਰਾਂ, ਅਦਾਰਿਆਂ ਵਿਚ ਉਸਾਰੂ ਗੀਤਾਂ, ਇਨਕਲਾਬੀ ਗੀਤਾਂ ਰਾਹੀਂ ਲੋਕ-ਪੱਖੀ ਸਭਿਆਚਾਰ ਦੀ ਉਸਾਰੀ ਲਈ ਵਚਨਬੱਧ ਹੈ। ਮੰਡਲੀ ਦੇ ਪੁਰਾਣੇ ਗਾਇਕਾਂ ਵਿਚ ਹੋਰਾਂ ਦੇ ਨਾਲ-ਨਾਲ ਜ਼ੁਲਫ਼ਕਾਰ ਅਲੀ, ਬਲਦੇਵ ਬੱਬੀ, ਜਸਵਿੰਦਰ ਜੱਸਾ, ਸੰਦੀਪ, ਸਾਹਿਲ ਖਾਨ, ਧਰਮਿੰਦਰ ਲਾਡੀ, ਟਿੰਕਾ (ਜੋ ਮਾਹਿਲਪੁਰ ਤੋਂ ਸੀ ਤੇ ਹੁਣ ਉਸਦੀ ਮੌਤ ਹੋ ਚੁੱਕੀ ਹੈ), ਕੁਲਦੀਪ, ਬੂਟਾ ਖਾਨ ਆਦਿ ਨਾਂ ਵਰਨਣਯੋਗ ਹਨ। ਮੰਡਲੀ ਦੇ ਸਾਰੇ ਗਾਇਕਾਂ ਲਈ ਵਿਸ਼ੇਸ਼ ਪਹਿਰਾਵਾ ਵੀ ਰੱਖਿਆ ਗਿਆ ਜੋ ਰੰਗਮੰਚ ਦੇ ਕਲਾਕਾਰਾਂ ਨਾਲ ਮਿਲਦਾ-ਜੁਲਦਾ ਸੀ। ਗੀਤਾਂ ਦੀਆਂ ਰਿਹਰਸਲਾਂ ਲਈ ਪਹਿਲਾਂ ਭਦੌੜ ਵਿਚ ਇਕ ਕਮਰਾ ਕਿਰਾਏ 'ਤੇ ਲਿਆ ਜੋ 84-85 ਤੱਕ ਰਿਹਾ। 84 ਤੋਂ ਬਾਅਦ ਸਕੂਲ ਦੇ ਮਿਊਜ਼ਿਕ ਰੂਮ ਨੂੰ (ਜਿੱਥੇ ਮਾ. ਰਾਮ ਕੁਮਾਰ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ), ਸਕੂਲ ਟਾਈਮ ਤੋਂ ਬਾਅਦ ਰਿਹਰਸਲਾਂ ਲਈ ਵਰਤਿਆ ਜਾਂਦਾ। ਮੰਡਲੀ ਦੇ ਸਰਪ੍ਰਸਤ ਮਾ. ਰਾਮ ਕੁਮਾਰ ਦੀ ਸੇਵਾਮੁਕਤੀ ਤੋਂ ਬਾਅਦ ਅੱਜ-ਕੱਲ੍ਹ ਉਨ੍ਹਾਂ ਦੇ ਘਰ ਵਿਚ ਬਣੇ ਸੰਗੀਤ-ਰੂਮ ਨੂੰ ਰਿਹਰਸਲਾਂ ਲਈ ਵਰਤਿਆ ਜਾਂਦਾ ਹੈ। ਜਿੱਥੋਂ ਤੱਕ ਕਵੀਆਂ ਨੂੰ ਗਾਉਣ ਦਾ ਸਵਾਲ ਹੈ, ਲੋਕ ਸੰਗੀਤ ਮੰਡਲੀ ਭਦੌੜ ਸੰਤ ਰਾਮ ਉਦਾਸੀ, ਕ੍ਰਿਸ਼ਨ ਕੋਰਪਾਲ, ਅਵਤਾਰ ਪਾਸ਼, ਜੈਮਲ ਪੱਡਾ, ਡਾ. ਜਗਤਾਰ, ਡਾ. ਸੁਰਜੀਤ ਪਾਤਰ, ਪਿਆਰਾ ਸਿੰਘ ਚਾਹਲ ਨੂੰ ਗਾਇਆ ਗਿਆ। ਇਨ੍ਹਾਂ ਕਵੀਆਂ ਤੋਂ ਬਿਨਾਂ ਸੁਰਜੀਤ ਜੱਜ, ਗੁਰਮੇਲ ਭੁਟਾਲ, ਬਲਵੰਤ ਮਖੂ, ਅਮੋਲਕ ਸਿੰਘ ਦੇ ਗੀਤ ਵੀ ਗਾਏ ਗਏ ਹਨ। ਮੰਡਲੀ ਦੇ ਗਾਇਕ ਕ੍ਰਿਸ਼ਨ ਕੋਰਪਾਲ ਦੇ ਗੀਤਾਂ ਦੀ ਇਕ ਕਿਤਾਬ 'ਉੱਠੋ ਨੌਜੁਆਨੋ'(2007) ਵੀ ਲੋਕ ਸੰਗੀਤ ਮੰਡਲੀ ਭਦੌੜ ਨੇ ਆਪਣੇ ਖ਼ਰਚੇ 'ਤੇ ਤਿਆਰ ਕਰਵਾਈ ਜਿਸਨੂੰ ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ।

ਪਲਸ ਮੰਚ ਤੋਂ ਪਹਿਲਾਂ ਹੋਂਦ ਵਿਚ ਆਈ ਸੰਗੀਤ ਮੰਡਲੀ ਭਦੌੜ 83 ਤੋਂ ਹੁਣ ਤੱਕ ਮੰਚ ਦੀ ਮੈਂਬਰ ਬਣੀ ਰਹੀ ਹੈ। ਗੁਰਸ਼ਰਨ ਸਿੰਘ ਦੀ ਸਰਪ੍ਰਸਤੀ ਹੇਠ ਮੰਡਲੀ ਦੇ ਕਲਾਕਾਰਾਂ ਨੇ ਸਾਰੇ ਪੰਜਾਬ ਵਿਚ ਆਪਣੀ ਵਿਲੱਖਣ ਭਾਂਤ ਦੀ ਗਾਇਕੀ ਦਾ ਲੋਹਾ ਮਨਵਾਇਆ। ਪਲਸ ਮੰਚ ਦੇ ਵੱਡੇ ਸਮਾਗਮਾਂ ਪਹਿਲੀ ਮਈ (ਲੁਧਿਆਣਾ) 25 ਜਨਵਰੀ (ਜਲੰਧਰ), ਗੁਰਸ਼ਰਨ ਸਿੰਘ ਦੀ ਯਾਦ ਵਿਚ ਹੋਣ ਵਾਲਾ ਸਮਾਗਮ ਜੋ 27 ਸਤੰਬਰ ਨੂੰ ਬਰਨਾਲਾ ਵਿਚ ਹਰ ਸਾਲ ਹੁੰਦਾ ਹੈ, ਉੱਥੇ ਵੀ ਸੰਗੀਤ ਮੰਡਲੀ ਵੱਲੋਂ ਪੇਸ਼ਕਾਰੀਆਂ ਦਿੱਤੀਆਂ ਜਾਂਦੀਆਂ ਹਨ। ਪੰਜਾਬ ਦਾ ਕੋਈ ਹੀ ਜਿਲ੍ਹਾ ਅਜਿਹਾ ਹੋਵੇਗਾ ਜਿੱਥੇ ਮੰਡਲੀ ਨੇ ਆਪਣੀ ਪੇਸ਼ਕਾਰੀ ਨਾ ਦਿੱਤੀ ਹੋਵੇ। ਅਜੋਕੇ ਸਮੇਂ ਵਿਚ ਲੋਕ-ਸੰਗੀਤ ਮੰਡਲੀ ਭਦੌੜ ਜਨ-ਸਮੂਹ ਵਿਚ ਹਰਮਨ ਪਿਆਰੀ ਹੈ। ਬੇਮਿਸਾਲ ਕੰਮ ਦੀ ਬਦੌਲਤ ਮੰਡਲੀ ਨੂੰ ਪੂਰੇ ਪੰਜਾਬ ਵਿਚੋਂ ਮਾਨ-ਸਨਮਾਨ ਵੀ ਮਿਲਦੇ ਰਹੇ ਹਨ। ਪਲਸ ਮੰਚ ਵੱਲੋਂ ਵੀ 30 ਜੂਨ 1990 ਨੂੰ ਮੰਡਲੀ ਦੇ ਸੰਚਾਲਕ ਤੇ ਗਾਇਕਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪਲਸ ਮੰਚ ਦੇ ਬਾਨੀ ਪ੍ਰਧਾਨ (ਗੁਰਸ਼ਰਨ ਸਿੰਘ) ਦੇ ਸਦੀਵੀ ਵਿਛੋੜੇ ਮਗਰੋਂ ਮੰਡਲੀ ਨੇ ਆਪਣੇ ਉਪਰਾਲਿਆਂ ਵਿਚੋਂ ਉਸਦੀ ਜ਼ਿੰਦਗੀ 'ਤੇ ਇਕ ਡਾਕੂਮੈਂਟਰੀ 'ਕਲਾ ਦਾ ਸੂਰਜ' ਰਿਲੀਜ਼ ਕੀਤੀ, ਜਿਸਦਾ ਖ਼ਰਚਾ ਮੰਡਲੀ ਦੇ ਸੰਚਾਲਕ ਵੱਲੋਂ ਆਪਣੇ ਨਿੱਜੀ ਮਾਇਕ ਸਰੋਤਾਂ ਵਿਚੋਂ ਪੂਰਾ ਕੀਤਾ ਗਿਆ। ਪਲਸ ਮੰਚ ਦੇ ਉਦੇਸ਼; 'ਬਦਲਵੇਂ ਸਭਿਅਚਾਰ ਦੀ ਸਥਾਪਤੀ' ਦੇ ਯਤਨਾਂ ਵਜੋਂ ਮੰਡਲੀ ਵੱਲੋਂ ਵਿਆਹਾਂ ਵਿਚ ਇਕ ਬਦਲ ਦੇਣ ਦੇ ਉਪਰਾਲੇ ਕੀਤੇ ਜਾਂਦੇ ਰਹੇ ਹਨ। ਵਿਆਹਾਂ ਦੇ ਪ੍ਰੋਗਰਾਮ ਖ਼ਾਸ ਕਰਕੇ; ਜੋ ਨਸ਼ਾ-ਮੁਕਤ ਵਿਆਹ ਹੋਣ, ਦਾਜ ਰਹਿਤ ਵਿਆਹ ਹੋਣ; ਉੱਥੇ ਅਗਾਂਹਵਧੂ ਸੋਚ ਦੇ ਲੋਕਾਂ ਵੱਲੋਂ ਮੰਡਲੀ ਦਾ ਪ੍ਰੋਗਰਾਮ ਕਰਵਾਇਆ ਜਾਂਦਾ ਹੈ। ਵਿਆਹਾਂ ਦੇ ਲਈ ਗੀਤਾਂ ਦੀ ਚੋਣ ਦੇ ਸੰਬੰਧ ਵਿਚ ਮਾ. ਰਾਮ ਕੁਮਾਰ ਨੇ ਦੱਸਿਆ ਕਿ ਗੁਰਮੇਲ ਭੁਟਾਲ, ਜਸਪਾਲ ਜੱਸੀ, ਕ੍ਰਿਸ਼ਨ ਕੋਰਪਾਲ ਦੇ ਗੀਤ ਵਿਸ਼ੇਸ਼ ਤੌਰ 'ਤੇ ਵਿਆਹਾਂ ਲਈ ਤਿਆਰ ਕੀਤੇ ਜਾਂਦੇ ਹਨ। ਕਈ ਵਾਰ ਸਮੇਂ ਦੀ ਲੋੜ 'ਚੋਂ ਗੁਰਮੇਲ ਭੁਟਾਲ ਤੋਂ ਮੌਕੇ 'ਤੇ ਨਵਾਂ ਗੀਤ ਲਿਖਵਾ ਲਿਆ ਜਾਂਦਾ ਹੈ। ਕ੍ਰਿਸ਼ਨ ਕੋਰਪਾਲ ਦਾ ਗੀਤ ਵਿਆਹਾਂ ਦੇ ਸਮਾਗਮਾਂ ਵਿਚ ਕਾਫ਼ੀ ਪ੍ਰਸਿੱਧ ਰਿਹਾ:

*"ਧਰੀਂ ਪੱਗ ਨਾ ਕਿਸੇ ਦੇ ਪੈਰੀਂ ਬਾਬਲਾ*
*ਵੇ ਮੁੰਡਾ ਸ਼ਾਹੂਕਾਰ ਜਾਣ ਕੇ*
*ਹੱਥ ਜੋੜੀਂ ਨਾ ਪੱਲਾ ਵੇ ਗਲ ਪਾ ਕੇ*
*ਮੁੰਡਾ ਸਰਦਾਰ ਜਾਣ ਕੇ"*[3]

ਇਸ ਤਰ੍ਹਾਂ ਵਿਆਹਾਂ ਉੱਤੇ ਅਗਾਂਹਵਧੂ ਸੋਚ ਵਾਲੇ ਗੀਤ ਪੇਸ਼ ਕੀਤੇ ਜਾਂਦੇ ਹਨ ਜਿਹੜੇ ਮੌਕੇ ਅਨੁਸਾਰ ਢੁਕਵੇਂ ਹੁੰਦੇ ਹਨ। ਇਨ੍ਹਾਂ ਗੀਤਾਂ ਵਿਚ ਵਿਆਹ ਦੇ ਜਗੀਰੂ ਰੂਪ ਅਤੇ ਉਸ ਦੀਆਂ ਅਲਾਮਤਾਂ ਨੂੰ ਨਸ਼ਰ ਕੀਤਾ ਜਾਂਦਾ ਹੈ।

ਅੱਜ ਕੱਲ੍ਹ ਲੋਕ ਸੰਗੀਤ-ਮੰਡਲੀ ਭਦੌੜ ਨਾਲ ਨਵਤੇਜਪ੍ਰੀਤ, ਸੰਦੀਪ, ਸੁਖਮੰਦਰ (ਮੰਦਰ ਭਦੌੜ), ਸਵਰਨ, ਰਮਨ, ਪਿਆਰਾ ਸਿੰਘ ਚਾਹਲ (ਮੋਗੇ ਤੋਂ ਐਸ.ਡੀ.ਓ. ਰਿਟਾਇਰ), ਤਬਲਾ ਵਾਦਕ ਸ਼ਰੀਫ ਅਲੀ, ਰਾਜ ਮੁਹੰਮਦ (ਪਹਿਲਾਂ ਤੋਂ) ਕੰਮ ਕਰ ਰਹੇ ਹਨ। ਕਈ ਪ੍ਰੋਗਰਾਮਾਂ ਵਿਚ ਤਬਲੇ ਲਈ ਸੁਖਨੈਬ ਭਦੌੜ ਤੋਂ ਵੀ ਮੱਦਦ ਲਈ ਜਾਂਦੀ ਹੈ। ਇਸ ਤਰ੍ਹਾਂ ਲੋਕ ਸੰਗੀਤ ਮੰਡਲੀ ਭਦੌੜ ਦਾ ਆਪਣਾ ਇਕ ਲੰਮਾ ਇਤਿਹਾਸ ਹੈ। ਇਸਦਾ ਸਫ਼ਰ ਬਹੁਤ ਵੱਡਾ ਹੈ ਜੋ 1978 ਤੋਂ ਲਗਾਤਾਰ ਤੁਰਦਾ 2018 ਤੱਕ ਪਹੁੰਚਿਆ ਹੈ। ਸੰਗੀਤ ਮੰਡਲੀ ਭਦੌੜ ਨੇ ਆਪਣੀ ਮਿਹਨਤ ਸਦਕਾ ਇਨਕਲਾਬੀ ਸਟੇਜਾਂ ਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਤੋੜ ਕੇ ਨਵੀਆਂ ਸਥਾਪਤ ਕੀਤੀਆਂ। ਸਾਫ਼-ਸੁਥਰੀ ਗਾਇਕੀ ਲਈ ਵਚਨਬੱਧ ਏਸ ਮੰਡਲੀ ਨੇ ਆਪਣੀ ਲਗਾਤਾਰਤਾ ਵਿਚੋਂ ਸਾਰੇ ਪੰਜਾਬ ਵਿਚ ਆਪਣੇ ਲਈ ਸਤਿਕਾਰਯੋਗ ਥਾਂ ਬਣਾਈ ਹੈ।

## 2. ਲੋਕ ਸੰਗੀਤ ਮੰਡਲੀ, ਛਾਜਲੀ:

ਲੋਕ ਸੰਗੀਤ ਮੰਡਲੀ ਛਾਜਲੀ ਦੀ ਸਥਾਪਨਾ 1979 'ਚ (ਜਾਂ ਇਸਦੇ ਆਸ-ਪਾਸ, ਸੰਚਾਲਕ ਨੂੰ ਪੱਕਾ ਸੰਨ ਯਾਦ ਨਹੀਂ) ਹੋਈ। ਇਸਦੇ ਸੰਚਾਲਕ ਦੇਸ ਰਾਜ ਛਾਜਲੀ ਹਨ। ਦੇਸ ਰਾਜ ਛਾਜਲੀ ਪੇਸ਼ੇ ਤੋਂ ਸਕੂਲ ਅਧਿਆਪਕ ਸਨ ਜੋ ਬਾਅਦ ਵਿਚ ਸਕੂਲ ਪ੍ਰਿੰਸੀਪਲ ਦੇ ਅਹੁਦੇ ਤੋਂ ਰਿਟਾਇਰ ਹੋਏ। ਪ੍ਰਿੰ. ਦੇਸ ਰਾਜ ਛਾਜਲੀ ਦੇ ਗਾਉਣ ਤੇ ਸਾਜ਼ ਵਜਾਉਣ ਦੇ ਸ਼ੌਂਕ ਵਿਚੋਂ ਇਕ ਮੰਡਲੀ ਦੀ ਸਥਾਪਨਾ ਹੋਈ ਜੋ ਲੋਕ ਸੰਗੀਤ ਮੰਡਲੀ ਛਾਜਲੀ ਦੇ ਨਾਂ ਨਾਲ ਪ੍ਰਸਿੱਧ ਹੋਈ। ਘਰ ਦੀ ਮਾੜੀ ਆਰਥਿਕਤਾ, ਗਰੀਬੀ ਨੇ ਉਸਨੂੰ ਇਨਕਲਾਬੀ ਗੀਤਾਂ ਨਾਲ ਜੋੜਿਆ। ਪਲਸ ਮੰਚ ਦੀ ਸਥਾਪਨਾ ਮਗਰੋਂ ਗੁਰਸ਼ਰਨ ਸਿੰਘ ਵੱਲੋਂ ਇਸ ਮੰਡਲੀ ਨੂੰ ਵੀ ਆਪਣੇ ਨਾਲ ਜੋੜਿਆ ਗਿਆ। ਜਿਸਦੇ ਸਿੱਟੇ ਵਜੋਂ ਪੰਜਾਬ ਦੀਆਂ ਵੱਖ-ਵੱਖ ਸਟੇਜਾਂ ਤੋਂ ਮੰਡਲੀ ਨੇ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ। ਸ਼ੁਰੂਆਤੀ ਦੌਰ ਤੋਂ ਆਪਣੇ ਗਾਇਕੀ ਦੇ ਲੰਮੇ ਸਫ਼ਰ ਦੌਰਾਨ ਮੰਡਲੀ ਨਾਲ ਅਨੇਕਾਂ ਗਾਇਕ ਜੁੜੇ ਰਹੇ। ਜਿਨ੍ਹਾਂ ਚੋਂ ਜਸਵੀਰ, ਤਾਰਾ ਸਿੰਘ, ਜਗਦੀਸ਼ ਪਾਪੜਾ ਤੇ ਉਹਦਾ ਭਾਣਜਾ ਜੋਗਾ ਸਿੰਘ, ਓਮ ਪ੍ਰਕਾਸ਼, ਹੰਸ ਰਾਜ, ਕਰਿੰਦਰ ਸਿੰਘ, ਦੇਸ ਰਾਜ ਛਾਜਲੀ ਦੀ ਪਤਨੀ ਅਮਰਜੀਤ ਕੌਰ ਤੇ ਸੋਮਨਾਥ, ਇਕ ਉਸਦੇ ਦੋਸਤ ਦੀ ਭਤੀਜੀ ਬੀਰਦਵਿੰਦਰ ਕੌਰ (ਬਾਕੀ ਨਾਂ ਸੰਚਾਲਕ ਨੂੰ ਯਾਦ ਨਹੀਂ) ਆਦਿ ਮੰਡਲੀ ਦੇ ਗਾਇਕ ਰਹੇ। ਮੰਡਲੀ ਨੇ 1979 ਤੋਂ ਹੁਣ ਤੱਕ ਦੇ ਸਫ਼ਰ ਦੌਰਾਨ ਲੋਕ-ਵਿਰੋਧੀ ਜਗੀਰੂ ਅਤੇ ਪਿਛਾਕੜੀ ਸਭਿਆਚਾਰ ਵੱਲੋਂ ਫੈਲਾਈਆਂ ਕੁਰੀਤੀਆਂ, ਵਹਿਮ-ਭਰਮ 'ਤੇ ਚੋਟ ਕਰਦੇ ਗੀਤਾਂ ਨੂੰ ਆਵਾਜ਼ ਦਿੱਤੀ। ਸਥਾਪਤ ਸਭਿਆਚਾਰ ਨੂੰ ਰੱਦ ਕਰਦਿਆਂ ਆਪਣੀ ਗੀਤਾਂ ਰਾਹੀਂ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਪੇਸ਼ ਕੀਤਾ। ਮੰਡਲੀ ਦਾ ਸ਼ੁਰੂਆਤੀ ਦੌਰ ਕਾਫ਼ੀ ਜੱਦੋ-ਜਹਿਦ ਵਾਲਾ ਰਿਹਾ। ਇਸ ਮੰਡਲੀ ਕੋਲ ਰਿਹਰਸਲਾਂ ਕਰਨ ਲਈ ਕੋਈ ਵਿਸ਼ੇਸ਼ ਥਾਂ ਨਹੀਂ ਸੀ। ਅਧਿਆਪਕ ਹੋਣ ਕਾਰਨ ਦੇਸ ਰਾਜ ਛਾਜਲੀ ਵੱਲੋਂ ਸਕੂਲ ਵਿਚ ਰਾਤ ਨੂੰ ਰਿਹਰਸਲ ਕੀਤੀ ਜਾਂਦੀ। ਸੰਚਾਲਕ ਦੇ ਸ਼ਬਦਾਂ ਵਿਚ,

> "ਰਿਹਰਸਲਾਂ ਅਸੀਂ ਸਕੂਲ 'ਚ ਰਾਤ ਨੂੰ ਕਰਦੇ। ਦੋ-ਤਿੰਨ ਮੇਰੇ ਵਿਦਿਆਰਥੀ ਹੁੰਦੇ, ਮੈਂ ਹੁੰਦਾ। ਚਾਹ ਪੀ ਕੇ ਦੋ ਵਜੇ ਤੱਕ ਕਰੀ ਜਾਂਦੇ। ਉਹ ਸਾਡਾ ਮੁੱਢ ਸੀ। ਗਾਇਕਾਂ ਵਿਚ ਉਦੋਂ ਸੋਮਨਾਥ, ਦੂਜੇ ਦਾ ਨਾਂ ਨਹੀਂ ਯਾਦ ਕੋਈ ਚਹਿਲ ਸੀ, ਬਹੁਤ ਗਰੀਬ ਘਰ ਦੇ ਮੁੰਡੇ ਸੀ।"[4]

ਇਕ ਵਾਰ ਸਥਾਪਨਾ ਹੋਣ ਮਗਰੋਂ ਮੰਡਲੀ ਖੜੋਤ ਦੀ ਸ਼ਿਕਾਰ ਵੀ ਹੋਈ ਪਰ ਫੇਰ ਜਨਤਕ ਤੌਰ 'ਤੇ ਵਧੀਆ ਹੁੰਗਾਰਾ ਮਿਲਦੇ ਰਹਿਣ ਕਾਰਨ ਦੋਬਾਰਾ ਫੇਰ ਖੜੀ ਹੋ ਗਈ। ਇਸ ਦੌਰ ਵਿਚ ਗੁਰਸ਼ਰਨ ਸਿੰਘ ਨੇ ਮੰਡਲੀ ਨੂੰ ਬਹੁਤ ਵਧੀਆ ਹੁੰਗਾਰਾ ਦਿੱਤਾ। ਸੰਗੀਤ ਮੰਡਲੀ ਵੱਲੋਂ ਪਲਸ ਮੰਚ ਦੀਆਂ ਤਕਰੀਬਨ ਸਾਰੀਆਂ ਛੋਟੀਆਂ-ਵੱਡੀਆਂ ਸਟੇਜ਼ਾਂ 'ਤੇ ਪ੍ਰੋਗਰਾਮ ਪੇਸ਼ ਕੀਤੇ ਗਏ। ਮੰਡਲੀ ਵੱਲੋਂ ਕੰਮ ਕਰਨ ਦੇ ਆਪਣੇ ਵੱਖਰੇ ਢੰਗ-ਤਰੀਕੇ ਸਨ। 80ਵਿਆਂ ਦੇ ਦੌਰ ਵਿਚ ਸੰਗੀਤ ਮੰਡਲੀ ਬਾਕੀਆਂ ਵਾਂਗ, ਗੁਰਸ਼ਰਨ ਸਿੰਘ ਦੇ ਬਰਾਬਰ ਤੁਰਦੀ ਰਹੀ। ਅੱਤਵਾਦ ਦੇ ਦੌਰ ਵਿਚ ਹੇਠ ਲਿਖੇ ਬੋਲ ਪੰਜਾਬ ਦੀ ਫਿਜ਼ਾ ਵਿਚ ਗੂੰਜਣ ਲੱਗੇ:-

> *"ਭੈਣ ਉਡੀਕੇ ਖੱਟੀ ਚੁੰਨੀ*
> *ਘਰ ਲਾਸ਼ ਵੀਰ ਦੀ ਆਈ"*[5]

ਏਸ ਦੌਰ ਵਿਚ ਲੋਕ ਨਾਟਕ ਦੇਖਣ ਤੇ ਗੀਤ ਸੁਣਨ ਲਈ ਆਉਂਦੇ ਤਾਂ ਜ਼ਰੂਰ ਪਰ ਪੰਡਾਲ ਵਿਚ ਨਾ ਬੈਠਦੇ। ਪ੍ਰਬੰਧਕ ਵੀ ਸੰਗੀਨਾਂ ਦੀ ਨੋਕ 'ਤੇ, ਡਰ ਦੇ ਸਾਏ ਹੇਠ ਪ੍ਰੋਗਰਾਮ ਕਰਵਾਉਂਦੇ। ਮੰਡਲੀ ਜਿੱਥੇ ਇਕ ਵਾਰ ਪ੍ਰੋਗਰਾਮ ਪੇਸ਼ ਕਰਦੀ, ਉੱਥੇ ਸਟੇਜ ਤੋਂ ਅਨਾਊਂਸ ਕਰ ਦਿੱਤਾ ਜਾਂਦਾ ਤੇ ਲੋਕ ਆਪਣੇ ਪਿੰਡ 'ਚ ਪ੍ਰੋਗਰਾਮ ਕਰਵਾਉਣ ਲਈ ਮੰਡਲੀ ਦੇ ਸੰਚਾਲਕ ਨਾਲ ਸੰਪਰਕ ਬਣਾ ਲੈਂਦੇ। ਮੰਡਲੀ ਦਾ ਕੰਮ ਕਰਨ ਦਾ ਦਾਇਰਾ ਸੀਮਤ ਨਹੀਂ ਰਿਹਾ। ਸੰਚਾਲਕ ਅਨੁਸਾਰ ਸਭਿਆਚਾਰਕ ਮੇਲਿਆਂ; ਜਿਨ੍ਹਾਂ ਵਿਚ 'ਜਗਰਾਵਾਂ ਦਾ ਮੇਲਾ' ਜਿਸਨੂੰ ਰੌਸ਼ਨੀਆਂ ਦਾ ਮੇਲਾ ਵੀ ਕਿਹਾ ਜਾਂਦਾ ਹੈ; 'ਤੇ ਵੀ ਪ੍ਰੋਗਰਾਮ ਦਿੰਦੇ ਰਹੇ ਹਨ। ਵਰਨਣਯੋਗ ਹੈ ਕਿ ਅਜਿਹੀਆਂ ਥਾਵਾਂ 'ਤੇ ਮੰਡਲੀ ਵੱਲੋਂ ਪੇਸ਼ ਕੀਤੇ ਗੀਤਾਂ ਦਾ ਵਿਸ਼ਾ ਨਹੀਂ ਬਦਲਿਆ। ਮੰਡਲੀ ਦੇ ਸੰਚਾਲਕ ਦੱਸਦੇ ਹਨ ਕਿ ਅਜਿਹੇ ਪ੍ਰੋਗਰਾਮਾਂ ਵਿਚ ਜ਼ਿਆਦਾਤਰ ਲੋਕ-ਗਾਥਾਵਾਂ ਵੀ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਜਿਨ੍ਹਾਂ 'ਚ ਦੁੱਲੇ ਦੀ ਵਾਰ ਤੇ ਪੂਰਨ ਦੀ ਵਾਰ ਬਹੁਤ ਪ੍ਰਸਿੱਧ ਹੋਈਆਂ। ਆਪਣੇ ਤਜ਼ਰਬੇ ਵਿਚੋਂ ਗੱਲ ਸਾਂਝੀ ਕਰਦਿਆਂ ਦੇਸ ਰਾਜ ਛਾਜਲੀ ਦੱਸਦੇ ਹਨ:-

> "ਇਕ ਵਾਰ ਪੁਲੀਸ ਵਾਲਿਆਂ ਦਾ ਪ੍ਰੋਗਰਾਮ ਸੀ, ਉੱਥੇ ਗਾਇਆ। ਪ੍ਰੋਗਰਾਮ ਵਧੀਆ ਰਿਹਾ। ਸਾਨੂੰ 3000 ਦਿੱਤਾ। ਹੁਣ ਇਕ ਪਾਸੇ ਇਨਕਲਾਬੀ ਸਟੇਜ ਤੇ ਇਕ ਪਾਸੇ ਪੁਲੀਸ ਦੀ ਸਟੇਜ, ਟੋਟ'ਲੀ (totally) ਫ਼ਰਕ ਐ ਪਰ ਅਸੀਂ ਗਾਇਆ ਆਵਦੀ ਮਰਜ਼ੀ ਦਾ। ਫੇਰ ਸਾਨੂੰ ਦੋਬਾਰਾ ਸਮਾਂ ਦਿੱਤਾ ਤੇ ਫੇਰ ਉਨ੍ਹਾਂ ਚੰਡੀਗੜ੍ਹ ਪ੍ਰੋਗਰਾਮ 'ਤੇ ਬੁਲਾਇਆ।"[6]

ਉਪਰੋਕਤ ਟਿੱਪਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕ ਸੰਗੀਤ ਮੰਡਲੀ ਛਾਜਲੀ ਨੇ ਕਿਸੇ ਵਲਗਣ 'ਚ ਕੈਦ ਹੋ ਕੇ ਕੰਮ ਨਹੀਂ ਕੀਤਾ ਸਗੋਂ ਇਸਨੇ ਆਪਣਾ ਸ੍ਰੋਤਾ-ਵਰਗ ਲੱਭਿਆ ਹੈ, ਉਹ ਭਾਵੇਂ ਖੱਬੇ-ਪੱਖੀ ਇਕੱਠਾਂ ਵਿਚ ਹੋਵੇ ਜਾਂ ਹੋਰ ਸਭਿਆਚਾਰਕ ਸਮਾਗਮਾਂ 'ਤੇ ਹੋਵੇ। ਇਸਦੇ ਨਾਲ-ਨਾਲ ਮੰਡਲੀ ਨੇ ਵਿਆਹਾਂ ਦੇ ਪ੍ਰੋਗਰਾਮਾਂ ਵਿਚ ਵੀ ਗਾਇਆ। 'ਮਕਸਦ ਇਕੋ ਰਿਹਾ ਕਿ ਉਨ੍ਹਾਂ ਦੀ ਅਸਲੀ ਗੱਲ ਲੋਕਾਂ ਵਿਚ ਜਾਣੀ ਚਾਹੀਦੀ ਹੈ। ਉਨ੍ਹਾਂ ਦੀ ਸੋਚਣੀ ਸੀ ਕਿ ਭਾਵੇਂ ਕੋਈ ਵੀ ਸਟੇਜ ਹੋਵੇ ਪਰ ਲੋਕ ਸਭ ਦੇ ਸਾਂਝੇ ਹਨ।

ਮੰਡਲੀ ਦੇ ਖ਼ਰਚੇ ਸੀਮਤ ਹੀ ਰਹੇ ਹਨ। ਮੰਡਲੀ ਦੇ ਕਲਾਕਾਰ ਆਪ ਹੀ ਸਾਜਿੰਦੇ ਹੁੰਦੇ, ਆਪ ਹੀ ਗਾਇਕ ਹੁੰਦੇ। ਪੇਸ਼ਕਾਰੀ ਸਮੇਂ ਕੋਈ ਵੀ ਕਲਾਕਾਰ ਸਟੇਜ 'ਤੇ ਵਿਹਲਾ ਨਾ ਹੁੰਦਾ। ਇਕ ਸਮੇਂ 3 ਤੋਂ 4 ਜਣੇ ਸਟੇਜ 'ਤੇ ਹੁੰਦੇ। ਹਾਲਾਤ ਅਨੁਸਾਰ ਕਈ ਵਾਰ 2 ਜਣੇ ਵੀ ਪ੍ਰੋਗਰਾਮ ਕਰ ਆਉਂਦੇ। ਇਸ ਲਈ ਥੋੜੇ ਕਲਾਕਾਰਾਂ ਨੂੰ ਮੇਹਨਤਾਨਾ ਦੇਣ ਦੀ ਸਮੱਸਿਆ ਘੱਟ ਆਉਂਦੀ ਰਹੀ। ਭਾਵੇਂ ਖ਼ਰਚੇ ਸੀਮਤ ਰਹੇ, ਲੋੜਾਂ ਘੱਟ ਰਹੀਆਂ ਤਾਂ ਵੀ ਮੰਡਲੀ ਦੀ ਆਰਥਿਕਤਾ ਠੀਕ-ਠਾਕ ਚੱਲਦੀ ਰਹੀ। ਇਹ ਵੀ ਲੋਕ ਸੰਗੀਤ ਮੰਡਲੀ ਭਦੌੜ ਵਾਂਗ ਬਿਨਾਂ ਨਫ਼ੇ ਨੁਕਸਾਨ ਦੇ ਅਸੂਲ (ਨੋ ਪਰਾਫ਼ਿਟ ਨੋ ਲਾਸ) ਮੁਤਾਬਿਕ ਚੱਲਦੀ ਰਹੀ, ਭਾਵੇਂ ਜ਼ਿਆਦਾਤਰ ਆਰਥਿਕ ਪੱਖੋਂ ਨੁਕਸਾਨ ਵਿਚ ਰਹੀ। ਸ੍ਰੋਤੇ ਗੀਤਾਂ ਨੂੰ ਰੂਹ ਨਾਲ ਸੁਣਦੇ ਤੇ ਗੀਤਾਂ ਦੇ ਖ਼ਤਮ ਹੋਣ ਮਗਰੋਂ ਉੱਠ ਕੇ ਚਲੇ ਨਹੀਂ ਜਾਂਦੇ ਸਗੋਂ ਆਪਣੀ ਨੇਕ ਕਮਾਈ 'ਚੋਂ ਮੱਦਦ ਕਰਕੇ ਜਾਂਦੇ।

ਮੰਡਲੀ ਵੱਲੋਂ ਗੀਤ ਪੇਸ਼ਕਾਰੀਆਂ ਸਮੇਂ ਰਵਾਇਤੀ ਸਾਜ਼ ਹੀ ਵਰਤੇ ਜਾਂਦੇ ਰਹੇ ਹਨ ਜਿਨ੍ਹਾਂ 'ਚ ਹਾਰਮੋਨੀਅਮ, ਤੂੰਬਾ, ਢੱਡ, ਸਾਰੰਗੀ, ਅਲਗੋਜ਼ੇ, ਤੂੰਬੀ ਪ੍ਰਮੁੱਖ ਹਨ। ਉਂਝ ਤਾਂ ਹਰ ਪੇਸ਼ਕਾਰੀ ਤੋਂ ਪਹਿਲਾਂ ਰਿਹਰਸਲਾਂ ਲਾ ਕੇ ਤਿਆਰੀ ਕੀਤੀ ਜਾਂਦੀ ਹੈ ਪਰ ਜਿੱਥੇ ਮੰਡਲੀ ਨੇ ਬਿਲਕੁਲ ਮੌਕੇ 'ਤੇ ਨਵਾਂ ਗਾਉਣਾ ਹੋਵੇ, ਉੱਥੇ ਕਵੀਸ਼ਰੀ ਪੇਸ਼ ਕੀਤੀ ਜਾਂਦੀ ਹੈ। ਮੰਡਲੀ ਵੱਲੋਂ ਰਵਾਇਤੀ ਸਾਜਾਂ ਨੂੰ ਵਰਤਣ ਪਿੱਛੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਲੋਕ-ਸਾਜ਼ ਹਨ ਜੋ ਲੋਕ-ਜੀਵਨ ਨਾਲ ਜੁੜੇ ਹੁੰਦੇ ਹਨ। ਇਨ੍ਹਾਂ ਨੂੰ ਬਣਾਉਣ ਲਈ ਸਮਾਨ ਵੀ ਆਮ ਘਰਾਂ ਵਿਚੋਂ ਮਿਲ ਜਾਂਦਾ ਹੈ। ਦੇਸ ਰਾਜ ਛਾਜਲੀ ਦੇ ਸ਼ਬਦਾਂ ਵਿਚ:

> 'ਜਿਹੜੇ ਲੋਕ ਸਾਜ਼ ਨੇ ਏਸ 'ਚ ਬਾਹਰੋਂ ਆਈਆਂ ਚੀਜ਼ਾਂ ਨਹੀਂ ਵਰਤੀਆਂ ਜਾਂਦੀਆਂ। ਏਹ ਸਾਡੇ ਪਿੰਡਾਂ 'ਚ ਜੋ ਹੁੰਦੇ ਨੇ, ਉਹੀ ਚੀਜ਼ਾਂ ਵਰਤੀਆਂ ਜਾਂਦੀਆਂ ਜਿਵੇਂ ਫ਼ਰਜ ਕਰੋ ਸਾਰੰਗੀ ਐ, ਏਸ ਲਈ ਲੱਕੜ ਵੀ ਪਿੰਡਾਂ 'ਚ ਮਿਲ ਜਾਂਦੀ ਐ ਤੇ ਉਸ 'ਚ ਜੋ ਚਮੜਾ ਵਰਤਿਆ ਜਾਂਦਾ, ਤੰਦੀਆਂ ਚਮੜੇ ਦੀਆਂ ਵਰਤੀਆਂ ਜਾਂਦੀਆਂ, ਖੱਲ ਚਮੜੇ ਦੀ ਵਰਤੀ ਜਾਂਦੀ ਐ। ਕਾਫ਼ੀ ਚਿਰ ਪਹਿਲਾਂ ਤਰਬਾਂ ਵੀ ਚਮੜੇ ਦੀਆਂ ਹੁੰਦੀਆਂ ਸੀ। ਸਮੇਂ ਦੇ ਨਾਲ ਤਾਰਾਂ ਵਰਤਣ ਲੱਗ ਗਏ, ਪਰ ਸਾਰਾ ਕੁੱਝ ਪਿੰਡ 'ਚੋਂ ਮਿਲ ਜਾਂਦਾ। ਜਿਵੇਂ ਤੂੰਬੀਆਂ, ਉਹਦੇ ਲਈ ਕੱਦੂ ਘਰੋਂ ਮਿਲ ਜਾਂਦਾ, ਲੱਕੜ ਘਰੋਂ ਮਿਲ ਜਾਂਦੀ ਆ ਅਸਲ ਵਿਚ ਜੀਹਦੇ ਨਾਲ ਵੀ ਲੋਕ ਸ਼ਬਦ ਐ, ਉਹ ਸਾਡੇ ਘਰਾਂ ਚੋਂ ਬਣ ਜਾਂਦੈ।'[7]

ਉਪਰੋਕਤ ਟਿੱਪਣੀ ਅਨੁਸਾਰ, ਰਵਾਇਤੀ ਜਾਂ ਲੋਕ-ਸਾਜ਼ ਲੋਕ ਜੀਵਨ ਵਿਚੋਂ ਘੜੇ ਜਾਂਦੇ ਹਨ। ਇਹੀ ਕਾਰਨ ਹੈ ਕਿ ਪਲਸ ਮੰਚ ਦੀਆਂ ਮੰਡਲੀਆਂ ਵੱਲੋਂ ਲੋਕ-ਪੱਖੀ ਸਭਿਆਚਾਰ ਦੀ ਗੱਲ ਕਰਨ ਲਈ ਜ਼ਿਆਦਾਤਰ ਲੋਕ-ਸਾਜ਼ਾਂ ਦੀ ਵਰਤੋਂ ਕੀਤੀ ਗਈ ਹੈ। ਲੋਕ ਸੰਗੀਤ ਮੰਡਲੀ ਛਾਜਲੀ ਨੇ ਲੋਕ-ਕਾਵਿ ਰੂਪ ਵਿਚੋਂ ਬੈਂਤ, ਕਲੀ, ਵਾਰਾਂ, ਕਵੀਸ਼ਰੀ ਤੇ ਗੀਤ ਕਾਵਿ ਨੂੰ ਆਪਣੀ ਗੱਲ ਕਹਿਣ ਦਾ ਆਧਾਰ ਬਣਾਇਆ। ਵਿਆਹਾਂ ਦੇ ਪ੍ਰੋਗਰਾਮਾਂ ਲਈ ਦੁੱਲਾ ਭੱਟੀ, ਨਵੇਂ ਸੰਦਰਭ ਵਿਚ ਹੀਰ, ਸੱਸੀ-ਪੁੰਨੂੰ ਤੇ ਨਾਲ-ਨਾਲ ਲੋਕ ਬੋਲੀਆਂ ਗਾਈਆਂ ਜਾਂਦੀਆਂ ਰਹੀਆਂ। ਇਸਤੋਂ ਬਿਨਾਂ ਸਿੱਠਣੀਆਂ ਵੀ ਗਾਈਆਂ ਜਾਂਦੀਆਂ ਰਹੀਆਂ ਹਨ ਜੋ ਐਨ ਸਮੇਂ 'ਤੇ ਪਰਿਵਾਰ ਨਾਲ ਜੋੜ ਕੇ ਘੜੀਆਂ ਜਾਂਦੀਆਂ ਹਨ। ਇਹ ਵਿਧਾ ਲੋਕਾਂ ਨੂੰ ਕਾਫ਼ੀ ਪਸੰਦ ਆਉਂਦੀ ਹੈ। ਇਨਕਲਾਬੀ ਸਟੇਜਾਂ ਤੋਂ ਊਧਮ ਸਿੰਘ, ਕਰਤਾਰ ਸਰਾਭਾ, ਭਗਤ ਸਿੰਘ, ਗਦਰੀ ਯੋਧਿਆਂ ਦੀਆਂ ਵਾਰਾਂ, ਸਮਕਾਲੀ ਸਮਾਜਕ ਸਥਿਤੀਆਂ ਤੇ ਚੋਟ ਕਰਦੇ ਗੀਤ ਪੇਸ਼ ਕੀਤੇ ਜਾਂਦੇ ਹਨ।

ਮੰਡਲੀ ਨੇ ਆਪਣਾ ਵਿਸ਼ੇਸ਼ ਪਹਿਰਾਵਾ ਰੱਖਿਆ ਹੋਇਆ ਹੈ ਜੋ ਨਿਰੋਲ ਚਿੱਟੇ ਰੰਗ ਦਾ ਹੈ; ਸਿਰ ਦੀ ਪੱਗ, ਕੁੜਤਾ ਤੇ ਚਾਦਰਾ ਚਿੱਟੇ ਰੰਗ ਦਾ ਪਹਿਨਿਆ ਜਾਂਦਾ ਹੈ। ਪਹਿਰਾਵੇ ਦੀ ਚੋਣ ਪਿੱਛੇ ਮੰਡਲੀ ਦਾ ਆਪਣਾ ਤਰਕ ਹੈ। ਉਨ੍ਹਾਂ ਅਨੁਸਾਰ ਚਿੱਟੇ ਤੋਂ ਭਾਵ 'ਸ਼ੁੱਧਤਾ' ਜਿਸਦਾ ਭਾਵ ਹੈ ਕਿ ਸ਼ੁੱਧ ਸਫੇਦ ਵਿਚ ਕੋਈ ਵਲ-ਛਲ ਨਹੀਂ ਕੋਈ ਕੂੜ-ਕਪਟ ਨਹੀਂ। ਜਿਸ ਵਿਚ ਸੰਗੀਤ ਦਾ ਆਪਸ ਵਿਚ ਸੁਮੇਲ ਹੁੰਦਾ ਹੈ। ਪੁਰਾਣੇ ਕਵੀਸ਼ਰ, ਢਾਡੀ ਚਿੱਟਾ ਰੰਗ ਪਹਿਨਦੇ ਸਨ। ਇਸ ਲਈ ਮੰਡਲੀ ਦਾ ਪਹਿਰਾਵਾ ਸ਼ੁੱਧ ਸਫੇਦ ਰੱਖਿਆ ਹੋਇਆ ਹੈ।

ਇਸ ਮੰਡਲੀ ਦੀ ਇਕ ਪ੍ਰਾਪਤੀ ਇਹ ਵੀ ਹੈ ਕਿ ਇਸਦੇ ਸ੍ਰੋਤੇ ਪੱਕੇ ਹਨ ਜੋ ਹਰ ਸਾਲ ਬਿਨਾਂ ਕਿਸੇ ਰੁਝੇਵੇਂ ਤੋਂ ਮੰਡਲੀ ਦਾ ਪ੍ਰੋਗਰਾਮ ਕਰਵਾਉਂਦੇ ਹਨ। ਇਸ ਮੰਡਲੀ ਦੀਆਂ ਚਾਰ ਕੈਸੇਟਾਂ ਰਿਕਾਰਡ ਹੋਈਆਂ ਜਿਸ ਵਿਚ ਪਹਿਲੀ ਕੈਸੇਟ 'ਲੋਕ ਰੰਗ'(1982) ਸੀ। ਇਸ ਕੈਸੇਟ ਵਿਚ ਸੰਤ ਰਾਮ ਉਦਾਸੀ, ਅਵਤਾਰ ਪਾਸ਼, ਜਗਰਾਜ ਧੌਲਾ ਦੇ ਗੀਤ ਰਿਕਾਰਡ ਕਰਵਾਏ ਗਏ। ਦੂਜੀ ਕੈਸੇਟ ਦਾ ਨਾਂ 'ਭਗਤ ਸਿੰਘ'(2007) ਸੀ। ਇਹ ਕੈਸੇਟ ਪ੍ਰੋ. ਦੀਦਾਰ ਸਿੰਘ ਦੇ ਕਿੱਸੇ 'ਕਾਵਿ-ਪ੍ਰਮਾਣ' ਨੂੰ ਆਧਾਰ ਬਣਾ ਕੇ ਤਿਆਰ ਕੀਤੀ ਗਈ। ਇਸ ਕੈਸੇਟ ਲਈ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹੱਲਾਸ਼ੇਰੀ ਦਿੱਤੀ। ਤੀਜੀ ਕੈਸੇਟ 'ਸ਼ਹੀਦ ਊਧਮ ਸਿੰਘ'(2009) ਦੇ ਨਾਂ ਹੇਠ ਰਿਕਾਰਡ ਹੋਈ ਜੋ ਊਧਮ ਸਿੰਘ ਨਾਲ ਸੰਬੰਧਤ ਓਪੇਰਾ ਸੀ।

ਮੰਡਲੀ ਦੇ ਸੰਚਾਲਕ ਇਹ ਗੱਲ ਮੰਨਦੇ ਹਨ ਕਿ ਆਪਣੇ ਵੱਲੋਂ ਲਿਖੇ ਗੀਤਾਂ ਨੂੰ ਕਿਤਾਬ-ਰੂਪ ਦੇਣ ਵਿਚ ਉਨ੍ਹਾਂ ਤੋਂ ਘਾਟ ਰਹੀ ਹੈ। ਜਿੱਥੋਂ ਤੱਕ ਮੰਡਲੀ ਵੱਲੋਂ ਗੀਤਾਂ ਦੇ ਵਿਸ਼ਿਆਂ ਦੀ ਚੋਣ ਦਾ ਸਵਾਲ ਹੈ ਤਾਂ ਉਹ ਸਮਾਜ ਦੇ ਬਦਲਦੇ ਸੁਹਜ-ਸਵਾਦ, ਰੁਚੀਆਂ ਨੂੰ ਧਿਆਨ ਵਿਚ ਰੱਖ ਕੇ ਨਵੇਂ ਗੀਤ ਚੁਣਦੇ ਹਨ। ਇਸਦੇ ਨਾਲ-ਨਾਲ ਸਮਾਜਕ ਬੁਰਾਈਆਂ 'ਤੇ ਚੋਟ, ਔਰਤਾਂ ਨੂੰ ਬਰਾਬਰੀ ਦਾ ਅਹਿਸਾਸ ਕਰਾਉਣ ਲਈ ਮਾਈ ਭਾਗੋ ਜਾਂ ਗੁਲਾਬ ਕੌਰ ਦੀਆਂ ਵਾਰਾਂ ਗਾਉਣਾ, ਇਨਕਲਾਬੀ ਵਿਰਸੇ ਤੋਂ ਨੌਜੁਆਨ ਪੀੜ੍ਹੀ ਨੂੰ ਸੇਧ ਦੇਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਮੰਡਲੀ ਨੂੰ ਪਲਸ ਮੰਚ ਵੱਲੋਂ ਪੂਰਾ ਸਹਿਯੋਗ ਮਿਲਦਾ ਰਿਹਾ। ਗੁਰਸ਼ਰਨ ਸਿੰਘ ਦੇ ਸਮੇਂ ਵਿਚ ਮੰਚ ਦੀਆਂ ਸਟੇਜਾਂ 'ਤੇ ਮੰਡਲੀ ਨੂੰ ਪੂਰਾ ਮਾਨ-ਸਨਮਾਨ ਮਿਲਦਾ ਰਿਹਾ ਹੈ। ਲੋਕ-ਪੱਖੀ ਸੰਸਥਾਵਾਂ ਨੇ ਸਮੇਂ-ਸਮੇਂ ਤੇ ਮੰਡਲੀ ਦੇ ਕੰਮਾਂ ਨੂੰ ਦੇਖਦਿਆਂ ਇਸਨੂੰ ਸਨਮਾਨ ਦਿੱਤਾ। ਗੁਰਸ਼ਰਨ ਸਿੰਘ ਦੇ ਸਮੇਂ ਤੋਂ ਮੰਚ ਦੀਆਂ ਤੇ ਹੋਰ ਇਨਕਲਾਬੀ ਸਟੇਜਾਂ ਦਾ ਸ਼ਿੰਗਾਰ ਬਣੀ ਲੋਕ ਸੰਗੀਤ ਮੰਡਲੀ ਛਾਜਲੀ ਨੇ ਗੁਰਸ਼ਰਨ ਸਿੰਘ ਦੇ ਵਿਛੋੜੇ ਮਗਰੋਂ ਪਲਸ ਮੰਚ ਨਾਲੋਂ ਇਕ ਦੂਰੀ ਬਣਾ ਲਈ ਹੈ। ਜਿਸਦਾ ਕਾਰਨ, ਮੰਡਲੀ ਦੇ ਸੰਚਾਲਕ ਅਨੁਸਾਰ, ਮੰਚ ਦਾ ਹੁਣ ਇਕ ਵਿਅਕਤੀ ਕੇਂਦਰਿਤ ਹੋ ਜਾਣਾ ਹੈ ਪਰ ਤਾਂ ਵੀ ਇਸ ਮੰਡਲੀ ਦੇ ਕਲਾਕਾਰ ਨਿਰਾਸ਼ਾ ਦੇ ਰਾਹ ਪੈਣ ਦੀ ਥਾਂ ਆਪਣੇ ਪੱਧਰ 'ਤੇ ਆਪਣਾ ਕਾਰਜ ਨਿਰਸੁਆਰਥ ਕਰ ਰਹੇ ਹਨ।

### 3. **ਲੋਕ ਸੰਗੀਤ ਮੰਡੀ, ਧੌਲਾ :**

ਲੋਕ ਸੰਗਤੀ ਮੰਡਲੀ ਧੌਲਾ ਦੀ ਸਥਾਪਨਾ ਦੇ ਬੀਜ ਲੋਕ ਸੰਗੀਤ ਮੰਡਲੀ ਭਦੌੜ ਵਿਚ ਪਏ ਹਨ। ਧੌਲਾ ਮੰਡਲੀ ਦੇ ਸੰਚਾਲਕ ਜਗਰਾਜ ਧੌਲਾ ਨੇ ਲੰਮਾ ਸਮਾਂ ਸੰਗੀਤ ਮੰਡਲੀ ਭਦੌੜ ਨਾਲ ਕੰਮ ਕੀਤਾ ਹੈ। ਸੰਗੀਤ ਮੰਡਲੀ ਭਦੌੜ ਦੇ ਮੁੱਢਲੇ ਸਮੇਂ ਵਿਚ ਜਿਹੜੀਆਂ ਕੈਸੇਟਾਂ ਆਈਆਂ, ਉਨ੍ਹਾਂ ਲਈ ਜਗਰਾਜ ਧੌਲੇ ਨੇ ਵੀ ਗੀਤ ਗਾਏ। ਜਦੋਂ ਲੋਕ ਸੰਗੀਤ ਮੰਡਲੀ ਭਦੌੜ ਪੂਰਨ ਰੂਪ ਵਿਚ ਸਥਾਪਿਤ ਹੋ ਗਈ ਤਾਂ ਜਗਰਾਜ ਧੌਲੇ ਨੇ ਲੋਕ ਸੰਗੀਤ ਮੰਡਲੀ ਬਠਿੰਡਾ ਬਣਾ ਲਈ। ਇਸ ਵਿਚ ਭੂਰਾ ਸਿੰਘ ਮਹਿਮਾ ਸਰਜਾ, ਮਹਿੰਦਰ ਹਰਰਾਏਪੁਰੀ, ਢੋਲਕ ਮਾਸਟਰ ਪੱਲੀ ਹਰਰਾਏਪੁਰੀ ਤੇ ਮਹਿੰਦਰ ਸਿੰਘ (ਜੋ ਤੂੰਬੀ ਵਜਾਉਂਦਾ ਸੀ) ਕਲਾਕਾਰ ਇਕੱਠੇ ਸਨ। ਇਸ

ਮੰਡਲੀ ਨੇ ਬਠਿੰਡਾ ਦੇ ਨਾਂ ਹੇਠ ਕੁੱਝ ਸਮਾਂ ਕੰਮ ਕੀਤਾ। ਫੇਰ ਹੌਲੀ-ਹੌਲੀ ਇਸਦੇ ਕਲਾਕਾਰ ਦੂਰ ਹੋਣੇ ਸ਼ੁਰੂ ਹੋ ਗਏ। ਇਸੇ ਹੀ ਸਮੇਂ 'ਤੇ ਜਗਰਾਜ ਧੌਲਾ ਦਾ ਬੇਟਾ ਨਵਦੀਪ ਤੇ ਭਾਣਜਾ ਮੱਖਣ ਆਲਮ ਵਾਲਾ ਵੀ ਸੰਗੀਤ ਦੇ ਖੇਤਰ ਵਿਚ ਤਿਆਰ ਹੋ ਰਹੇ ਸਨ। ਬਠਿੰਡੇ ਵਾਲੀ ਮੰਡਲੀ ਦੇ ਟੁੱਟਣ ਮਗਰੋਂ ਜਗਰਾਜ ਧੌਲਾ ਨੇ ਆਪਣੇ ਆਪ ਨੂੰ ਛਾਜਲੀ ਵਾਲੀ ਮੰਡਲੀ ਨਾਲ ਜੋੜ ਲਿਆ। ਉਸ ਸਮੇਂ ਛਾਜਲੀ ਵਾਲੀ ਮੰਡਲੀ ਵਿਚ ਦੇਸ ਰਾਜ ਛਾਜਲੀ ਸਾਰੰਗੀਵਾਦਕ ਸੀ ਤੇ ਜਸਵੀਰ, ਲਾਡੀ, ਤਾਰਾ ਤਿੰਨ ਜਣੇ ਢੱਡ, ਸਾਰੰਗੀ ਤੇ ਅਲਗੋਜੇ ਵਜਾਉਂਦੇ। ਨਾਲ-ਨਾਲ ਸਾਰੇ ਗਾਉਂਦੇ ਵੀ ਸਨ। ਜਗਰਾਜ ਧੌਲਾ ਏਸ ਮੰਡਲੀ ਨਾਲ ਗਾਇਕ ਵਜੋਂ ਕੰਮ ਕਰਨ ਲੱਗਾ। ਜਦੋਂ ਜਗਰਾਜ ਧੌਲਾ ਦਾ ਬੇਟਾ ਨਵਦੀਪ ਸੰਗੀਤ ਵਿਚ ਪਰਪੱਕ ਹੋ ਗਿਆ ਤੇ ਭਾਣਜਾ ਮੱਖਣ ਆਲਮ ਵੀ ਸੰਗੀਤ ਦੀਆਂ ਬਾਰੀਕੀਆਂ ਕਾਫ਼ੀ ਸਿੱਖ ਗਿਆ ਤਾਂ ਜਗਰਾਜ ਧੌਲੇ ਨੇ ਛਾਜਲੀ ਵਾਲੀ ਮੰਡਲੀ ਤੋਂ ਆਪਣੇ ਆਪ ਨੂੰ ਦੂਰ ਕਰਕੇ 'ਲੋਕ ਸੰਗੀਤ ਮੰਡਲੀ ਧੌਲਾ' ਬਣਾਈ ਜੋ ਤਕਰੀਬਨ 90-91 ਦੇ ਆਸ-ਪਾਸ (ਸੰਸਥਾਪਕ ਨੂੰ ਪੱਕਾ ਯਾਦ ਨਹੀਂ ਸੀ) ਹੋਂਦ ਵਿਚ ਆਈ। ਧੌਲਾ ਵਾਲੀ ਮੰਡਲੀ ਨੇ ਭਦੌੜ ਵਾਲੀ ਮੰਡਲੀ ਦੇ ਢੰਗ-ਤਰੀਕਿਆਂ ਅਨੁਸਾਰ ਕੰਮ ਕਰਨਾ ਸ਼ੁਰੂ ਕੀਤਾ। ਸ਼ੁਰੂਆਤ ਵਿਚ ਧੌਲਾ ਮੰਡਲੀ ਵਿਚ ਤਿੰਨ ਜਣਿਆਂ ਜਗਰਾਜ ਧੌਲਾ, ਨਵਦੀਪ ਧੌਲਾ, ਮੱਖਣ ਆਲਮਵਾਲਾ ਨੇ ਗਾਇਕ ਦੇ ਤੌਰ 'ਤੇ ਕੰਮ ਸ਼ੁਰੂ ਕੀਤਾ। ਹੌਲੀ-ਹੌਲੀ ਜਦੋਂ ਪ੍ਰੋਗਰਾਮ ਮਿਲਣ ਲੱਗੇ ਤਾਂ ਉਸ ਸਮੇਂ ਸਾਜ਼ੀ ਪੈਸੇ ਦੇ ਕੇ ਲਿਜਾਣੇ ਪੈਂਦੇ। ਫੇਰ ਜਦੋਂ ਨਵਦੀਪ ਨੇ ਹਾਰਮੋਨੀਅਮ ਵਜਾਉਣਾ ਸਿੱਖ ਲਿਆ ਤਾਂ ਮੰਡਲੀ ਨੇ ਆਪਣਾ ਹਾਰਮੋਨੀਅਮ ਖ਼ਰੀਦ ਲਿਆ। ਹੁਣ ਜ਼ਿਆਦਾਤਰ ਗੀਤ ਇਕੱਲੇ ਹਾਰਮੋਨੀਅਮ 'ਤੇ ਗਾਏ ਜਾਂਦੇ। ਇਕ ਸਮੇਂ ਬਾਅਦ ਇਸ ਮੰਡਲੀ ਨਾਲ ਸ਼ਿੰਦਰ ਧੌਲਾ ਗਾਇਕ ਵਜੋਂ ਜੁੜਿਆ ਜਿਸਨੇ ਲੰਮਾ ਸਮਾਂ ਮੰਡਲੀ ਨਾਲ ਕੰਮ ਕੀਤਾ। ਆਪਣੀ ਮੰਡਲੀ ਬਣਾਉਣ ਮਗਰੋਂ ਜਿੱਥੇ ਪ੍ਰੋਗਰਾਮ ਮਿਲਣੇ ਸ਼ੁਰੂ ਹੋਏ, ਉੱਥੇ ਪਲਸ ਮੰਚ ਨੇ ਵੀ ਆਪਣੇ ਕਲਾਵੇ ਵਿਚ ਲਿਆ। ਪਲਸ ਮੰਚ ਦੇ ਸਾਰੇ ਵੱਡੇ ਸਮਾਗਮਾਂ ਵਿਚ ਲੋਕ ਸੰਗੀਤ ਮੰਡਲੀ ਧੌਲਾ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤੇ।

ਜਿੱਥੋਂ ਤੱਕ ਮੰਡਲੀ ਦੀ ਆਰਥਿਕਤਾ ਦਾ ਸੰਬੰਧ ਹੈ, ਜਗਰਾਜ ਧੌਲੇ ਅਨੁਸਾਰ ਆਰਥਿਕਤਾ ਲਹਿਰ ਨਾਲ ਜੁੜਦੀ ਹੈ। ਜਿਹੋ ਜਿਹੀ ਆਰਥਿਕਤਾ ਇਨਕਲਾਬੀ ਲਹਿਰ ਦੀ ਹੋਵੇਗੀ, ਉਹੋ ਜਿਹੀ ਹੀ ਸਭਿਆਚਾਰਕ ਕਾਮਿਆਂ ਦੀ (ਸੰਗੀਤ ਮੰਡਲੀਆਂ, ਨਾਟਕ ਟੀਮਾਂ) ਹੋਵੇਗੀ। ਲੋਕ ਸੰਗੀਤ ਮੰਡਲੀ ਧੌਲਾ ਵੱਲੋਂ ਕਦੇ ਪ੍ਰਬੰਧਕਾਂ ਤੋਂ ਬੱਝਵੀਂ ਸਾਈ ਨਹੀਂ ਲਈ ਗਈ। ਜਿਨ੍ਹਾਂ ਪੈਸਾ ਪ੍ਰਬੰਧਕਾਂ ਵੱਲੋਂ ਦਿੱਤਾ ਗਿਆ, ਮੰਡਲੀ ਨੇ ਸਵੀਕਾਰ ਕੀਤਾ। ਸ੍ਰੋਤਾ ਵਰਗ ਆਪਣੇ ਪੱਧਰ 'ਤੇ ਮੰਡਲੀ ਦੀਆਂ ਪੇਸ਼ਕਾਰੀਆਂ ਨੂੰ ਸਨਮਾਨ ਦਿੰਦਾ ਰਿਹਾ। ਮੰਡਲੀ ਦੇ ਸੰਚਾਲਕ ਨੂੰ ਇਕ ਗੱਲ ਦਾ ਗਿਲਾ ਜ਼ਰੂਰ ਹੈ ਕਿ ਪ੍ਰਬੰਧਕਾਂ ਵੱਲੋਂ ਹਮੇਸ਼ਾਂ ਮੇਹਨਤਾਨੇ ਸਮੇਂ ਮੰਡਲੀਆਂ 'ਤੇ ਕੱਟ ਲੱਗਦੇ ਰਹੇ ਹਨ; ਭਾਵ, ਉਨ੍ਹਾਂ ਨੂੰ ਘੱਟ ਦੇ ਕੇ ਸਬਰ ਕਰਨ ਲਈ ਕਿਹਾ ਜਾਂਦਾ ਰਿਹਾ ਹੈ। ਪਰ ਮੰਡਲੀ ਨੇ ਕਦੇ ਪ੍ਰਬੰਧਕਾਂ ਨੂੰ ਮੋੜਵਾਂ ਸਵਾਲ ਨਹੀਂ ਕੀਤਾ, ਸਗੋਂ ਜੋ ਵੀ ਉਨ੍ਹਾਂ ਦਿੱਤਾ ਉਹ ਸਵੀਕਾਰ ਕਰ ਲਿਆ। ਜਗਰਾਜ ਧੌਲਾ ਦੇ ਸ਼ਬਦਾਂ ਵਿਚ,

> "ਭਦੌੜ ਤੋਂ ਲੈ ਕੇ ਧੌਲਾ ਤੱਕ ਸਾਰੇ ਕੱਟ ਗਾਇਕਾਂ 'ਤੇ ਲੱਗਦੇ ਰਹੇ। ਕੋਈ ਵੀ ਨਕਸਲੀਆਂ ਦਾ ਗਰੁੱਪ ਨਾਟਕਾਂ ਨੂੰ 20-25000 ਦੇ ਦੇਣਗੇ, ਗਾਇਕਾਂ ਨੂੰ ਨਹੀਂ। ਮੈਂ ਆਪਣੇ ਪਰਿਵਾਰ ਨੂੰ ਏਸ 'ਚੋਂ ਕੁੱਝ ਨਹੀਂ ਦੇ ਸਕਿਆ। ਏਸ ਕੰਮ ਨਾਲ ਰੋਟੀ ਨੀਂ ਤੁਰਦੀ ਸਾਡੀ ਬੱਚਤ ਮੇਰੀ, ਰਾਮ ਕੁਮਾਰ ਦੀ, ਛਾਜਲੀ ਦੀ ਤਾਂ ਹੋਈ ਕਿਉਂਕਿ ਅਸੀਂ ਤਿੰਨੇ ਟੀਚਰ ਸੀ। ਆਵਦੇ ਬੱਚੇ ਮੈਂ ਤਨਖਾਹ ਨਾਲ ਪਾਲੇ..."[8]

ਉਪਰੋਕਤ ਟਿੱਪਣੀ ਤੋਂ ਇਕ ਗੱਲ ਸਪੱਸ਼ਟ ਹੈ ਕਿ ਭਾਵੇਂ ਕੋਈ ਵੀ ਸੰਗੀਤ ਮੰਡਲੀ ਹੋਵੇ, ਆਰਥਿਕ ਪੱਖੋਂ ਘਾਟੇ ਵਿਚ ਹੀ ਰਹੀ ਹੈ। ਦੂਜੇ ਪਾਸੇ ਐਨੀਆਂ ਕਠੋਰ ਸਮੱਸਿਆਵਾਂ ਦੇ ਚੱਲਦਿਆਂ ਵੀ ਇਹ ਮੰਡਲੀਆਂ ਲਗਾਤਾਰ ਲੋਕ-ਪੱਖੀ ਸਭਿਆਚਾਰ ਨਾਲ ਪ੍ਰਤੀਬੱਧ ਰਹੀਆਂ ਹਨ।

ਲੋਕ ਸੰਗੀਤ ਮੰਡਲੀ ਧੌਲਾ ਦੇ ਸੰਚਾਲਕ ਕੋਲ ਗਾਉਣ ਦੇ ਨਾਲ-ਨਾਲ ਲਿਖਣ ਦੀ ਕਲਾ ਵੀ ਹੈ। ਹੋਰ ਮੰਡਲੀਆਂ ਵਾਂਗ ਜਿੱਥੇ ਏਸ ਮੰਡਲੀ ਨੇ ਸਾਹਿਤ ਵਿਚੋਂ ਪਾਸ਼, ਉਦਾਸੀ, ਜੈਮਲ ਪੱਡਾ ਤੇ ਕ੍ਰਿਸ਼ਨ ਕੋਰਪਾਲ ਨੂੰ ਗਾਇਆ, ਉੱਥੇ ਜ਼ਿਆਦਾਤਰ ਜਗਰਾਜ ਧੌਲਾ ਦੇ ਆਪਣੇ ਲਿਖੇ ਗੀਤ ਵੀ ਗਾਏ। ਧੌਲਾ ਮੰਡਲੀ ਵੱਲੋਂ ਗਾਈ ਜਾਂਦੀ ਕਲੀ ਸਾਰੇ ਪੰਜਾਬ ਵਿਚ ਬਹੁਤ ਹਰਮਨ-ਪਿਆਰੀ ਹੋਈ:

> *"ਵੇ ਮੈਂ ਬੋਲਦੀ ਆਂ ਮਿੱਟੀ ਵੇ ਪੰਜਾਬ ਦੀ*
> *ਵੇ ਮੱਥੇ ਦੀਆਂ ਕਿਉਂ ਮਿੱਟੀਆਂ ਵੇ ਤਕਦੀਰਾਂ?*

*ਕੀਹਨੇ ਸਿੱਟਤਾ ਵਲੂੰਧਰ ਕੇ ਕਾਲਜਾ,*
*ਕੀਹਨੇ ਲਹੂ ਵਿਚ ਖਿੱਚੀਆਂ ਲਕੀਰਾਂ?"*[9]

ਇਹ ਕਲੀ, ਜੋ ਜਗਰਾਜ ਧੌਲੇ ਵੱਲੋਂ ਲਿਖੀ ਗਈ, ਇਸਨੂੰ 'ਮਿੱਟੀ' ਨਾਂ ਪੰਜਾਬ ਦੇ ਲੋਕਾਂ ਵੱਲੋਂ ਦਿੱਤਾ ਗਿਆ। ਸ਼ਾਇਦ ਹੀ ਕੋਈ ਅਜਿਹੀ ਸਟੇਜ ਹੋਵੇਗੀ, ਜਿੱਥੇ ਲੋਕਾਂ ਦੀ ਮੰਗ 'ਤੇ ਇਹ ਕਲੀ ਨਾ ਗਾਈ ਹੋਵੇ। ਏਸ ਮੰਡਲੀ ਵੱਲੋਂ ਸਾਜ਼ਾਂ ਵਿਚੋਂ ਅਲਗੋਜ਼ੇ, ਸਾਰੰਗੀ, ਢੱਡ 'ਤੇ ਗਾਉਣ ਦੇ ਨਾਲ-ਨਾਲ ਅੱਜ ਕੱਲ ਹਾਰਮੋਨੀਅਮ, ਕੀ-ਬੋਰਡ, ਤਬਲਾ ਲਿਆ ਜਾਂਦਾ ਹੈ। ਮੰਡਲੀ ਵੱਲੋਂ ਆਪਣਾ ਕੋਈ ਵਿਸ਼ੇਸ਼ ਪਹਿਰਾਵਾ ਨਹੀਂ ਰੱਖਿਆ ਗਿਆ ਜਿਸ ਪਿੱਛੇ ਮੰਡਲੀ ਦਾ ਆਪਣਾ ਤਰਕ ਹੈ। ਉਹ ਇਹ ਹੈ ਕਿ ਅਸੀਂ ਲੋਕਾਂ ਵਿਚੋਂ ਉੱਠ ਕੇ ਗਾ ਕੇ ਫੇਰ ਇਕੱਠ ਵਿਚ ਬੈਠਣਾ ਪਸੰਦ ਕਰਦੇ ਹਾਂ ਤਾਂ ਜੋ ਲੋਕਾਂ ਨੂੰ ਇਹ ਲੱਗੇ ਕਿ ਇਹ ਵੀ ਸਾਡੇ ਵਰਗੇ ਹੀ ਲੋਕ ਹਨ। ਜਿਵੇਂ ਬਾਕੀ ਮੰਡਲੀਆਂ ਵੱਲੋਂ, ਬਦਲਵੇਂ ਸਭਿਆਚਾਰ ਦੇ ਯਤਨਾਂ ਵਜੋਂ, ਕੈਸੇਟਾਂ ਰਿਕਾਰਡ ਕਰਵਾਈਆਂ ਗਈਆਂ। ਉਸੇ ਤਰ੍ਹਾਂ ਧੌਲਾ ਮੰਡਲੀ ਵੱਲੋਂ ਵੀ ਸਮੇਂ-ਸਮੇਂ 'ਤੇ ਆਪਣੇ ਵੱਲੋਂ ਕੈਸੇਟਾਂ ਰਿਕਾਰਡ ਕਰਵਾ ਕੇ ਲੋਕਾਂ ਤੱਕ ਲਿਜਾਈਆਂ ਗਈਆਂ। ਭਦੌੜ ਦੀ ਮੰਡਲੀ ਵੱਲੋਂ ਰਿਕਾਰਡ ਕਰਵਾਈਆਂ ਦੋ ਕੈਸੇਟਾਂ ਦਾਜ ਦੀ ਲਾਹਣਤ ਅਤੇ ਲੋਕਾਂ ਦੇ ਗੀਤ ਵਿਚ ਜਗਰਾਜ ਧੌਲਾ ਨੇ ਗਾਇਆ। ਜਗਰਾਜ ਧੌਲਾ ਵੱਲੋਂ ਆਪਣੀ ਵੱਖਰੀ ਮੰਡਲੀ ਬਣਾਉਣ ਮਗਰੋਂ 'ਮੈਂ ਮੰਗਦੀ ਇਨਸਾਫ਼', 'ਲੋਕ-ਰੰਗ', 'ਸੁਲਘਦੀਆਂ ਸੁਰਾਂ' ਨਾਮ ਦੀਆਂ ਤਿੰਨ ਆਡੀਓ ਕੈਸੇਟਾਂ ਰਿਕਾਰਡ ਹੋਈਆਂ।[10] 'ਮੈਂ ਮੰਗਦੀ ਇਨਸਾਫ਼' ਕੈਸੇਟ ਕਿਰਨਜੀਤ ਕਤਲ ਕਾਂਡ ਬਾਰੇ ਸੀ। (ਕੈਸੇਟਾਂ ਦੇ ਰਿਕਾਰਡ ਸਾਲ ਯਾਦ ਨਹੀਂ ਤੇ ਕੋਈ ਕਾਪੀ ਵੀ ਕੋਲ ਨਹੀਂ ਹੈ।) ਇਨ੍ਹਾਂ ਤਿੰਨਾਂ ਕੈਸੇਟਾਂ ਤੇ ਸਾਰਾ ਖ਼ਰਚਾ ਜਗਰਾਜ ਧੌਲੇ ਨੇ ਆਪਣੇ ਪੱਲਿਉਂ ਕੀਤਾ। ਰਿਕਾਰਡ ਤੋਂ ਬਾਅਦ ਕੈਸੇਟਾਂ ਦੀ ਵਿੱਕਰੀ ਵੀ ਮੰਡਲੀ ਨੂੰ ਆਪਣੇ ਪੱਧਰ 'ਤੇ ਹੀ ਕਰਨੀ ਪਈ। ਵਿੱਕਰੀ ਵਿਚੋਂ ਸੰਤੁਸ਼ਟੀ ਨਾਲ ਪੈਸਾ ਵਾਪਸ ਨਹੀਂ ਮੁੜਿਆ; ਭਾਵ, ਆਰਥਿਕ ਪੱਖੋਂ ਇਹ ਘਾਟੇ ਵਾਲਾ ਸੌਦਾ ਹੀ ਰਿਹਾ। ਆਡੀਓ ਕੈਸੇਟਾਂ ਦੇਣ ਦੇ ਨਾਲ-ਨਾਲ ਮੰਡਲੀ ਵੱਲੋਂ ਆਪਣੇ ਖ਼ਰਚੇ 'ਤੇ ਤਿੰਨ ਟੈਲੀਫ਼ਿਲਮਾਂ ਵੀ ਬਣਾਈਆਂ ਗਈਆਂ। ਇਹ ਫ਼ਿਲਮਾਂ ਵੱਖ-ਵੱਖ ਸਮਾਜਕ ਬੁਰਾਈਆਂ 'ਤੇ ਚੋਟ ਕਰਦੀਆਂ ਹਨ। 'ਰੁਲਦਾ ਜੱਟ', 'ਵਲੈਤੀ ਲਾੜੇ' ਤੇ 'ਅਮਲੀ ਦਾ ਵਿਆਹ' ਤਿੰਨਾਂ ਫ਼ਿਲਮਾਂ 'ਤੇ ਸਾਰਾ ਪੈਸਾ ਮੰਡਲੀ ਵੱਲੋਂ ਆਪਣੇ ਖ਼ਰਚਿਆਂ ਵਿਚੋਂ ਪੂਰਾ ਕੀਤਾ ਗਿਆ। (ਫ਼ਿਲਮਾਂ ਕਿਹੜੇ-ਕਿਹੜੇ ਸਾਲਾਂ ਵਿਚ ਬਣੀਆਂ, ਇਸ ਸਬੰਧੀ ਨਿਰਮਾਤਾ/ਮੰਡਲੀ ਦੇ ਸੰਚਾਲਕਾਂ ਨੂੰ ਯਾਦ ਨਹੀਂ) ਸਮਾਜਕ ਤੌਰ 'ਤੇ ਕੰਮ ਕਰਨ, ਇਨਕਲਾਬੀ ਗੀਤਾਂ ਦੇ ਪ੍ਰਚਾਰ-ਪ੍ਰਸਾਰ ਕਰਨ ਤੇ ਸਮਾਜਕ ਚੇਤਨਾ ਦੀ ਜਾਗ ਲਾਉਂਦੇ ਗੀਤਾਂ ਕਾਰਨ ਮੰਡਲੀ ਨੂੰ ਆਪਣੀਆਂ ਕੈਸੇਟਾਂ ਅਤੇ ਫ਼ਿਲਮਾਂ ਦੀ ਵਿੱਕਰੀ ਵਿਚੋਂ ਜ਼ਿਆਦਾ ਨਿਰਾਸ਼ਾ ਨਹੀਂ ਝੱਲਣੀ ਪਈ। ਭਾਵੇਂ ਕਿ ਪੱਲਿਉਂ ਲੱਗਿਆ ਪੈਸਾ ਪੂਰਾ ਨਹੀਂ ਮੁੜਿਆ ਪਰ ਫੇਰ ਵੀ ਵਿੱਕਰੀ ਜ਼ਿਆਦਾ ਨਿਰਾਸ਼ਾਜਨਕ ਨਹੀਂ ਰਹੀ। ਹੋਰ ਸੰਗੀਤ ਮੰਡਲੀਆਂ ਵਾਂਗ ਧੌਲਾ ਵਾਲੀ ਮੰਡਲੀ ਵੀ ਵਿਆਹਾਂ ਦੇ ਮੌਕਿਆਂ 'ਤੇ ਪ੍ਰੋਗਰਾਮ ਪੇਸ਼ ਕਰਦੀ ਰਹੀ ਹੈ। ਇਸ ਮੰਡਲੀ ਨੇ ਹੁਣ ਤੱਕ ਘੱਟੋ-ਘੱਟ 60 ਵਿਆਹਾਂ ਦੀ ਸਟੇਜ ਤੋਂ ਆਪਣਾ ਪ੍ਰੋਗਰਾਮ ਪੇਸ਼ ਕੀਤਾ ਹੈ। ਵਿਆਹਾਂ ਦੇ ਗੀਤਾਂ ਦੀ ਇਕ ਉਦਾਹਰਨ:

*"ਵੇ ਵੀਰਾ ਵੱਸਦਾ ਰਹੇ ਤੇਰਾ ਦੁਆਰ*
*ਕੋਠੇ ਜਿੱਡੀ ਭੈਣ ਦਾ ਵੇ, ਪੂੰਜੀਪਤੀ ਯੁੱਗ ਵਿਚ*
*ਸਿਰ ਤੋਂ ਹੈ ਲਾਹਿਆ ਵੀਰਾ ਭਾਰ"*[11]

ਵਿਆਹ ਦੇ ਪ੍ਰੋਗਰਾਮਾਂ ਲਈ ਧੌਲਾ ਦੀ ਸੰਗੀਤ ਮੰਡਲੀ ਨੇ ਜਿੱਥੇ ਆਪਣੇ ਨਵੇਂ ਗੀਤ ਰਚੇ ਹਨ, ਉੱਥੇ ਪੁਰਾਣੇ ਲੋਕ ਗੀਤਾਂ ਨੂੰ ਵੀ ਨਵੀਆਂ ਤਰਜਾਂ ਵਿਚ ਢਾਲ ਕੇ ਗਾਉਣ ਦੀ ਪਿਰਤ ਤੋਰੀ ਹੈ। ਮਿਸਾਲ ਵਜੋਂ:

*"ਮੋਰਨ ਦੀ ਕਾਰਨ ਨੀ ਮੈਂ ਕੈਂਠਾ ਕਰਵਾਉਣੀਆਂ*
*ਮੋਰਨ ਦੀ ਕਾਰਨ ਨੀ ਮੈਂ ਕੈਂਠਾ ਕਰਵਾਉਣੀਆਂ*
*ਕੈਂਠਾ ਪਹਿਨਣ ਦੇ ਵੇਲੇ ਵੇ*
*ਹੰਢਾਵਣ ਦੇ ਵੇਲੇ ਵੇ, ਉੱਡ ਜਾਨੈਂ ਵੇ ਮੋਰਾ*
*ਮੋਰਾ ਵੇ ਉੱਡ ਜਾਨੈ ਵੇ ਮੋਰਾ"*[12]

ਇਨਕਲਾਬੀ, ਉਸਾਰੂ ਗੀਤਾਂ ਦੇ ਨਾਲ-ਨਾਲ ਵਿਆਹ-ਸ਼ਾਦੀ ਜਾਂ ਹੋਰ ਖ਼ੁਸ਼ੀ ਦੇ ਮੌਕਿਆਂ 'ਤੇ ਇਕ ਬਦਲ ਪੇਸ਼ ਕਰਨਾ ਆਪਣੇ ਆਪ ਵਿਚ ਇਕ ਵੱਡਾ ਚੈਲੰਜ ਹੈ ਪਰ ਲੋਕ ਗੀਤ ਸੰਗੀਤ ਮੰਡਲੀਆਂ ਆਪਣੇ-ਆਪਣੇ ਪੱਧਰ 'ਤੇ ਇਸ ਬਦਲ ਲਈ ਯਤਨਸ਼ੀਲ ਰਹੀਆਂ ਹਨ।

ਲੋਕ ਸੰਗੀਤ ਮੰਡਲੀ ਧੌਲਾ ਨੂੰ ਆਪਣੀਆਂ ਲਗਾਤਾਰ ਗਤੀਵਿਧੀਆਂ, ਉਸਾਰੂ ਗੀਤਾਂ, ਬਦਲਵੇਂ ਸਭਿਆਚਾਰ ਦੀਆਂ ਕੋਸ਼ਿਸ਼ਾਂ ਲਈ ਵੱਖ-ਵੱਖ ਸੰਸਥਾਵਾਂ ਤੋਂ ਅਨੇਕਾਂ ਮਾਨ-ਸਨਮਾਨ ਮਿਲ ਚੁੱਕੇ ਹਨ। ਦੂਜੇ ਪਾਸੇ ਇਹ ਇਕ ਅਫ਼ਸੋਸਨਾਕ ਪਹਿਲੂ ਕਿਹਾ ਜਾ ਸਕਦਾ ਹੈ ਕਿ ਸਭਿਆਚਾਰਕ ਪੱਧਰ 'ਤੇ ਆਪਣੇ ਵੱਲੋਂ ਪੂਰੀ ਹਿੱਸੇਦਾਰੀ ਦੇ ਬਾਵਜੂਦ ਇਹ ਮੰਡਲੀ ਪਲਸ ਮੰਚ ਦੇ ਮੌਜੂਦਾ ਅਹੁਦੇਦਾਰਾਂ ਵੱਲੋਂ ਅਣਗੌਲੀ ਕੀਤੀ ਜਾਂਦੀ ਰਹੀ ਹੈ। ਆਪਣੇ ਖੇਤਰ ਵਿਚ ਚੰਗੀ ਸਾਹਿਤ ਸਿਰਜਣਾ, ਲੋਕ-ਪੱਖੀ ਗੀਤਾਂ ਦੀ ਰਚਨਾ, ਗਾਇਕੀ ਦੇ ਖੇਤਰ ਵਿਚ ਉਸਾਰੂ ਬਦਲ ਪੇਸ਼ ਕਰਨ ਦੇ ਬਾਵਜੂਦ ਮੰਡਲੀ ਦਾ ਪਲਸ ਮੰਚ ਵੱਲੋਂ ਕੋਈ ਵਿਸ਼ੇਸ਼ ਸਨਮਾਨ ਨਹੀਂ ਕੀਤਾ ਗਿਆ। ਮੰਡਲੀ ਦੇ ਸੰਚਾਲਕ ਇਹ ਗੱਲ ਮੰਨਦੇ ਹਨ ਕਿ ਗੁਰਸ਼ਰਨ ਸਿੰਘ ਦੀ ਸਰਪ੍ਰਸਤੀ ਹੇਠ ਮੰਡਲੀ ਨੂੰ ਹਰ ਪਾਸਿਉਂ ਵਧੀਆ ਹੁੰਗਾਰਾ ਮਿਲਦਾ ਰਿਹਾ ਪਰ ਗੁਰਸ਼ਰਨ ਸਿੰਘ ਦੇ ਜਾਣ ਮਗਰੋਂ ਇਹ ਮੰਡਲੀ ਇਕ ਤਰ੍ਹਾਂ ਅਣਗੌਲੀ ਕੀਤੀ ਜਾਂਦੀ ਰਹੀ ਹੈ। ਮੌਜੂਦਾ ਸਮੇਂ ਵਿਚ ਲੋਕ ਸੰਗੀਤ ਮੰਡਲੀ ਧੌਲਾ ਵਿਚ ਜਗਰਾਜ ਧੌਲਾ ਤੇ ਉਸਦਾ ਬੇਟਾ ਨਵਦੀਪ ਧੌਲਾ ਦੋਨੋਂ ਕੰਮ ਕਰ ਰਹੇ ਹਨ। ਵਿਰਾਸਤ ਵਿਚੋਂ ਮਿਲੀ ਗਾਇਕੀ ਦੀ ਗੁੜ੍ਹਤੀ ਨੂੰ ਦੋਵੇਂ ਪਿਉਂ-ਪੁੱਤਰ ਦੀ ਜੋੜੀ ਲੋਕ-ਹਿੱਤਾਂ ਦੇ ਲੇਖੇ ਲਗਾਉਣ ਲਈ ਯਤਨਸ਼ੀਲ ਹੈ। ਅਨੇਕਾਂ ਅੜਚਣਾਂ ਦੇ ਬਾਵਜੂਦ ਇਸ ਮੰਡਲੀ ਦਾ ਸਫ਼ਰ ਲਗਾਤਾਰ ਜਾਰੀ ਹੈ।

### 4. ਇਨਕਲਾਬੀ ਕਵੀਸ਼ਰੀ ਜੱਥਾ, ਰਸੂਲਪੁਰ:

ਇਨਕਲਾਬੀ ਸਟੇਜਾਂ ਤੋਂ ਭਾਵੇਂ 1978 ਤੋਂ ਲੋਕ ਸੰਗੀਤ ਮੰਡਲੀ ਭਦੌੜ ਦੀ ਸਥਾਪਨਾ ਨਾਲ ਇਨਕਲਾਬੀ ਉਸਾਰੂ ਗਾਇਕੀ ਦਾ ਮੁੱਢ ਬੱਝਾ ਪਰ ਭਦੌੜ ਤੇ ਉਸਤੋਂ ਬਾਅਦ ਦੀਆਂ ਸੰਗੀਤ ਮੰਡਲੀਆਂ ਨੇ ਗੀਤ, ਗਜ਼ਲਾਂ, ਕਲੀ, ਦੋਹੇ, ਸੱਦ, ਵਾਰਾਂ ਜ਼ਿਆਦਾ ਗਾਈਆਂ। ਇਸਦਾ ਇਹ ਭਾਵ ਨਹੀਂ ਕਿ ਕਵੀਸ਼ਰੀ ਗਾਈ ਹੀ ਨਹੀਂ ਗਈ। ਸਗੋਂ ਲੋੜ ਪੈਣ 'ਤੇ ਇਹ ਮੰਡਲੀਆਂ ਕਵੀਸ਼ਰੀ ਵੀ ਗਾ ਲੈਂਦੀਆਂ ਸਨ ਪਰ ਪਹਿਲ ਦੇ ਆਧਾਰ 'ਤੇ ਸਿਰਫ਼ ਤੇ ਸਿਰਫ਼ ਇਨਕਲਾਬੀ ਕਵੀਸ਼ਰੀ ਗਾਉਣ ਦਾ ਉਪਰਾਲਾ ਪਹਿਲੀ ਵਾਰ ਇਨਕਲਾਬੀ ਕਵੀਸ਼ਰੀ ਜੱਥੇ ਰਸੂਲਪੁਰ ਵੱਲੋਂ ਕੀਤਾ ਗਿਆ। ਜੋ ਕਿ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਸੂਲਪੁਰ ਦੇ ਇਕ ਮਜ਼ਦੂਰ ਪਰਿਵਾਰ ਨਾਲ ਸਬੰਧਿਤ ਹਨ। ਇਸ ਪਰਿਵਾਰ ਦੇ ਦੋ ਪੁੱਤਰਾਂ ਅਮਰਜੀਤ ਸਿੰਘ (ਅਮਰਜੀਤ ਪ੍ਰਦੇਸੀ) ਤੇ ਸਵਰਨ ਸਿੰਘ ਵੱਲੋਂ ਇਸ ਜੱਥੇ ਦੀ ਸ਼ੁਰੂਆਤ ਕੀਤੀ ਗਈ। ਘਰ ਦੀ ਮਾੜੀ ਆਰਥਿਕ ਹਾਲਤ, ਬਚਪਨ ਵਿਚ ਦਿਹਾੜੀ ਕਰਨ ਜਾਣਾ ਆਦਿ ਕਈ ਅਜਿਹੇ ਕਾਰਨ ਹਨ ਜੋ ਦੋਵਾਂ ਭਰਾਵਾਂ ਦੇ ਮਨਾਂ ਅੰਦਰ ਸਵਾਲ ਬਣਕੇ ਖੜ੍ਹੇ ਰਹੇ। ਇਨ੍ਹਾਂ ਹਾਲਤਾਂ ਨੇ ਦੋਹਾਂ ਦਾ ਝੁਕਾਅ ਇਨਕਲਾਬੀ ਸਭਿਆਚਾਰਕ ਲਹਿਰ ਵੱਲ ਕੀਤਾ। ਪਲਸ ਮੰਚ ਦੇ ਹੋਂਦ ਵਿਚ ਆਉਣ ਮਗਰੋਂ ਦੋਵੇਂ ਜਣੇ ਨਿੱਜੀ ਪੱਧਰ 'ਤੇ ਮੰਚ ਦੇ ਪ੍ਰੋਗਰਾਮਾਂ ਵਿਚ ਗਾਉਂਦੇ ਰਹੇ। ਇਕ ਸਮੇਂ ਬਾਅਦ ਸਾਲ 1990 ਦੇ ਆਸ-ਪਾਸ ਅਮਰਜੀਤ ਪ੍ਰਦੇਸੀ ਨੇ ਆਪਣੇ ਛੋਟੇ ਭਰਾ ਸਵਰਨ ਤੇ ਪਿੰਡ ਦੇ ਕੁੱਝ ਸਾਥੀਆਂ ਨਿਰਮਲ ਸਿੰਘ ਨਿੰਮਾ, ਅਮਰਜੀਤ ਨੱਥੂ ਨੂੰ ਨਾਲ ਲੈ ਕੇ ਇਕ ਜੱਥੇ ਦੀ ਸਥਾਪਨਾ ਕੀਤੀ ਜੋ ਸਾਰੇ ਪੰਜਾਬ ਵਿਚ ਇਨਕਲਾਬੀ ਕਵੀਸ਼ਰੀ ਜੱਥਾ, ਰਸੂਲਪੁਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਅਮਰਜੀਤ ਪ੍ਰਦੇਸੀ ਦਾ ਨਾਂ ਇਸ ਜੱਥੇ ਦੇ ਬਾਨੀ ਵਜੋਂ ਜੁੜਿਆ।

ਸ਼ੁਰੂਆਤੀ ਦੌਰ ਵਿਚ ਇਸ ਜੱਥੇ ਨੇ ਸੰਗੀਤ ਮੰਡਲੀਆਂ ਵਾਂਗ ਕਵੀਸ਼ਰੀ ਦੇ ਨਾਲ-ਨਾਲ ਸਾਜਾਂ 'ਤੇ ਗੀਤ ਗਾਉਣ ਦਾ ਉਪਰਾਲਾ ਕੀਤਾ ਜਿਸ ਲਈ ਕਾਫ਼ੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਜਿਨ੍ਹਾਂ ਵਿਚੋਂ ਵੱਡੀ ਸਮੱਸਿਆ ਸਾਜ਼ਿੰਦਿਆਂ ਦੀ ਸੀ। ਪ੍ਰੋਗਰਾਮ ਦੀ ਪੇਸ਼ਕਾਰੀ ਲਈ ਸਾਜ਼ਿੰਦੇ ਬਾਹਰੋਂ (ਜਾਂ ਕਹੋ ਪ੍ਰੋਫ਼ੈਸ਼ਨਲ) ਲੈ ਕੇ ਜਾਣੇ ਪੈਂਦੇ ਤੇ ਉਨ੍ਹਾਂ ਨੂੰ ਚੰਗਾ ਭੁਗਤਾਨ ਵੀ ਕਰਨਾ ਪੈਂਦਾ। ਦੂਜੀ ਸਮੱਸਿਆ ਇਹ ਸੀ ਕਿ ਬਾਹਰਲੇ ਸਾਜ਼ਿੰਦਿਆਂ ਵਿਚ ਵਿਚਾਰਧਾਰਕ ਤੌਰ 'ਤੇ ਸਮਝ ਨਹੀਂ ਸੀ। ਉਹ ਇਨਕਲਾਬੀ ਤੇ ਮੁੱਖ ਧਾਰਾਈ ਗੀਤਾਂ ਵਿਚ ਫ਼ਰਕ ਕਰਕੇ ਨਹੀਂ ਦੇਖਦੇ ਸਨ। ਇੰਨਾਂ ਸਮੱਸਿਆਵਾਂ ਕਾਰਨ ਅਮਰਜੀਤ ਪ੍ਰਦੇਸੀ ਵੱਲੋਂ ਸਾਜ਼ਾਂ 'ਤੇ ਗਾਉਣ ਦੀ ਥਾਂ ਨਿਰੋਲ ਕਵੀਸ਼ਰੀ ਗਾਉਣ ਦਾ ਫੈਸਲਾ ਕੀਤਾ ਗਿਆ ਜੋ ਬਹੁਤ ਹੱਦ ਤੱਕ ਕਾਮਯਾਬ ਰਿਹਾ।

ਇਕ ਪੂਰੇ ਜੱਥੇ ਦੀ ਸਥਾਪਨਾ ਹੋਣ ਮਗਰੋਂ 1990 ਤੋਂ ਹੀ ਇਨਕਲਾਬੀ ਜੱਥੇ ਦੇ ਰੂਪ ਵਿਚ ਪੱਕੇ ਤੌਰ 'ਤੇ ਪਲਸ ਮੰਚ ਦਾ ਅੰਗ ਬਣ ਗਏ।

1990 ਤੋਂ ਪਲਸ ਮੰਚ ਨਾਲ ਜੁੜ ਕੇ ਕੰਮ ਕਰਦਿਆਂ ਜੱਥੇ ਨੂੰ ਮੰਚ ਵੱਲੋਂ ਬਹੁਤ ਸਤਿਕਾਰ ਦਿੱਤਾ ਗਿਆ। ਜਿੱਥੇ ਕਿਤੇ ਵੀ ਮੰਚ ਦੇ ਬਾਨੀ/ਪ੍ਰਧਾਨ ਦੇ ਨਾਟਕ ਨਾਲ ਜੱਥੇ ਨੇ ਪ੍ਰੋਗਰਾਮ ਦੇਣਾ ਹੁੰਦਾ ਤਾਂ ਗੁਰਸ਼ਰਨ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਬੋਲ ਕੇ ਜੱਥੇ ਦੇ ਮੈਂਬਰਾਂ ਨੂੰ ਲੋਕਾਂ ਦੇ ਰੂ-ਬ-ਰੂ ਕਰਵਾਇਆ ਜਾਂਦਾ। ਪਲਸ ਮੰਚ

ਨਾਲ ਆਪਣੇ ਤਜ਼ਰਬਿਆਂ ਨੂੰ ਸਾਂਝਾ ਕਰਦੇ ਹੋਏ ਜੱਥੇ ਦੇ ਬਾਨੀ ਅਮਰਜੀਤ ਪ੍ਰਦੇਸੀ ਵੱਲੋਂ ਕੀਤੀ ਟਿੱਪਣੀ:

> "ਜਦੋਂ ਅਸੀਂ ਜੱਥੇ ਦੇ ਰੂਪ ਵਿਚ ਆਏ ਤਾਂ ਉਹ (ਗੁਰਸ਼ਰਨ ਸਿੰਘ) ਸਾਡੀ ਟੀਮ ਨੂੰ ਬਹੁਤ ਸਤਿਕਾਰ ਦਿੰਦਾ ਸੀ। ਉਸਨੇ ਚੰਡੀਗੜ੍ਹ 12-13 ਦਿਨਾਂ ਦੀ ਵਰਕਸ਼ਾਪ ਲਾਈ ਜਿਸ 'ਚ ਸਾਰੀਆਂ ਆਾਵਦੀਆਂ ਨਾਟਕ ਟੀਮਾਂ ਸਨ ਤੇ ਸੰਗੀਤ ਦੇ ਤੌਰ 'ਤੇ ਸਿਰਫ਼ ਸਾਨੂੰ ਬੁਲਾਇਆ। ਜਦੋਂ ਅਸੀਂ ਪਹਿਲੀ ਮਈ 'ਤੇ ਇਕ ਵਾਰ ਪ੍ਰੋਗਰਾਮ ਪੇਸ਼ ਕਰ ਰਹੇ ਸੀ ਤਾਂ ਅਸੀਂ ਜੱਥੇ ਵੱਲੋਂ ਗੀਤ ਗਾਇਆ... ਹਰ ਯੁੱਗ ਦੀ ਸ਼ੀਹਣੀ ਏ.... ਗੁਰਸ਼ਰਨ ਸਿੰਘ ਕਹਿੰਦਾ ਜੇ ਉਨ੍ਹਾਂ ਕੋਲ ਅੱਜ ਦੇ ਘਟੀਆ ਗਾਇਕ ਨੇ ਤਾਂ ਸਾਡੇ ਕੋਲ ਇਨਕਲਾਬੀ ਕਵੀਸ਼ਰੀ ਜੱਥਾ ਹੈ।"[13]

ਇਨਕਲਾਬੀ ਕਵੀਸ਼ਰੀ ਜੱਥਾ ਪਲਸ ਮੰਚ ਦੀਆਂ ਸਟੇਜਾਂ ਦੀ ਜਿੰਦ-ਜਾਨ ਹੈ। ਜੱਥੇ ਅਨੁਸਾਰ ਉਨ੍ਹਾਂ ਦਾ ਦਰਸ਼ਕ ਵਰਗ ਪੇਂਡੂ ਦਰਸ਼ਕ-ਵਰਗ ਹੈ ਜਿਨ੍ਹਾਂ ਲਈ ਉਹ ਲਿਖਦੇ ਤੇ ਗਾਉਂਦੇ ਹਨ। ਭਾਵੇਂ ਇਸ ਜੱਥੇ ਦੇ ਆਰਥਿਕ ਖ਼ਰਚੇ ਬਹੁਤੇ ਨਹੀਂ ਹਨ ਪਰ ਪ੍ਰੋਗਰਾਮ 'ਤੇ ਜਾਣ ਲਈ ਆਉਣ-ਜਾਣ ਦਾ ਖ਼ਰਚਾ ਪ੍ਰਭਾਵਿਤ ਕਰਦਾ ਹੈ। ਕਈ ਵਾਰ ਪ੍ਰਬੰਧਕਾਂ ਕੋਲ ਆਰਥਿਕ ਪੱਖੋਂ ਕਮੀ ਹੁੰਦੀ ਹੈ ਤੇ ਉਹ ਖ਼ਰਚੇ ਦਾ ਪੂਰਾ ਪੈਸਾ ਨਹੀਂ ਦੇ ਸਕਦੇ। ਜੱਥੇ ਦੇ ਮੈਂਬਰਾਂ ਅਨੁਸਾਰ ਉਨ੍ਹਾਂ ਨੇ ਕਦੇ ਪ੍ਰਬੰਧਕਾਂ ਕੋਲੋਂ ਮੂੰਹੋਂ ਨਹੀਂ ਮੰਗਿਆ। ਬੱਸ ਜਿੰਨਾ ਉਹ ਦੇ ਦਿੰਦੇ ਹਨ, ਉਨ੍ਹਾਂ ਸਵੀਕਾਰ ਕਰ ਲਿਆ ਜਾਂਦਾ ਹੈ। ਕਈ ਵਾਰ ਦਿਹਾੜੀ ਪੂਰੀ ਪੈਂਦੀ ਹੈ ਤੇ ਕਈ ਵਾਰ ਬਹੁਤੇ ਪੈਸੇ ਪੱਲਿਉਂ ਪਾਉਣੇ ਪੈਂਦੇ ਹਨ। ਆਰਥਿਕ ਪੱਖੋਂ ਥੋੜ੍ਹੀ-ਬਹੁਤੀ ਬੱਚਤ ਏਸ ਗੱਲੋਂ ਵੀ ਹੋ ਜਾਂਦੀ ਹੈ ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਇਲਕਲਾਬੀ ਜੱਥੇ ਵਿਚਲੇ ਗਾਇਕ ਇਕੋ ਪਰਿਵਾਰ ਵਿਚੋਂ ਹਨ। ਜਿਨ੍ਹਾਂ ਵਿਚੋਂ ਅਮਰਜੀਤ ਪ੍ਰਦੇਸੀ, ਉਸਦਾ ਛੋਟਾ ਭਰਾ ਸਵਰਨ ਧਾਲੀਵਾਲ, ਸਵਰਨ ਧਾਲੀਵਾਲ ਦੇ ਦੋ ਬੇਟੇ ਰੁਪਿੰਦਰ ਸਿੰਘ, ਹਰਵਿੰਦਰ ਸਿੰਘ, ਅਮਰਜੀਤ ਪ੍ਰਦੇਸੀ ਦਾ ਭਤੀਜਾ ਮਨਦੀਪ ਸਿੰਘ ਤੇ ਖੁਸ਼ਵਿੰਦਰ ਸਿੰਘ ਜੱਥੇ ਦੇ ਗਾਇਕ ਵਜੋਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

ਜੱਥੇ ਦੇ ਮੈਂਬਰ ਅਮਰਜੀਤ ਪ੍ਰਦੇਸੀ ਤੇ ਸਵਰਨ ਧਾਲੀਵਾਲ ਤਕਰੀਬਨ ਸਾਰੇ ਗੀਤ ਆਪ ਲਿਖਦੇ ਹਨ। ਸਾਹਿਤ ਵਿਚੋਂ ਜੱਥੇ ਵੱਲੋਂ ਸੰਤ ਰਾਮ ਉਦਾਸੀ ਦੇ ਗੀਤ ਗਾਏ ਗਏ। ਜੱਥੇ ਦੇ ਮੈਂਬਰਾਂ ਵੱਲੋਂ ਆਪਣੇ ਗੀਤ ਕੈਸੇਟ ਦੇ ਰੂਪ ਵਿਚ ਰਿਕਾਰਡ ਵੀ ਕਰਵਾਏ ਗਏ। ਪਹਿਲੀ ਕੈਸੇਟ 'ਕਿਰਤ ਦਾ ਰਾਗ'(1997) ਦੇ ਨਾਂ ਹੇਠ ਰਿਕਾਰਡ ਹੋਈ ਜੋ ਭੱਠੇ 'ਤੇ ਕੰਮ ਕਰਦੀ ਮਜ਼ਦੂਰ ਔਰਤ ਦੀ ਕਹਾਣੀ ਸੀ। ਜਿਸਨੂੰ ਕਾਵਿ-ਰੂਪ ਦਿੱਤਾ ਗਿਆ। ਇਸਦਾ ਲੇਖਕ ਬੱਧਨੀ ਕਲਾ ਤੋਂ ਲਾਲ ਸਿੰਘ ਚੰਦਨ ਸੀ। ਦੂਜੀ ਆਡੀਓ ਕੈਸੇਟ 'ਅੰਬਰਾਂ ਤੇ ਪੈੜਾਂ' ਸਾਲ 2003 ਵਿਚ ਰਿਕਾਰਡ ਹੋਈ। ਇਸ ਕੈਸਟ ਵਿਚ ਅਮਰਜੀਤ ਪ੍ਰਦੇਸੀ, ਸਵਰਨ ਧਾਲੀਵਾਲ, ਨਿਰਮਲ ਨਿੰਮਾ, ਅਮਨਦੀਪ ਅਮਨਾ ਨੇ ਆਪਣੀਆਂ ਆਵਾਜਾਂ ਦਿੱਤੀਆਂ। ਕੈਸੇਟ ਵਿਚ ਕੁੱਲ ਅੱਠ ਗੀਤ ਹਨ। ਜੋ ਸਮਾਜਕ ਹਾਲਤਾਂ 'ਤੇ ਚੋਟ ਕਰਦੇ ਹੋਏ ਵੱਡੇ ਸੁਆਲ ਖੜੇ ਕਰਦੇ ਹਨ। ਦੋਵੇਂ ਕੈਸੇਟਾਂ ਘੱਟ ਖ਼ਰਚੇ 'ਤੇ ਤਿਆਰ ਕੀਤੀਆਂ ਗਈਆਂ। ਪਹਿਲੀ ਕੈਸੇਟ 'ਕਿਰਤ ਦਾ ਰਾਗ' ਤਾਂ ਪਿੰਡ ਦੇ ਇਕ ਘਰ ਵਿਚ ਰਿਕਾਰਡ ਕੀਤੀ ਗਈ। ਰਿਕਾਰਡ ਹੋਈਆਂ ਕੈਸੇਟਾਂ ਨੂੰ ਲੋਕਾਂ ਤੱਕ ਲੈ ਕੇ ਜਾਣ ਲਈ ਜੱਥੇ ਦੇ ਮੈਂਬਰਾਂ ਨੂੰ ਆਪ ਯਤਨ ਕਰਨੇ ਪਏ। ਜੱਥੇ ਦੇ ਮੈਂਬਰਾਂ ਨੂੰ ਇਕ ਇਤਰਾਜ਼ ਜ਼ਰੂਰ ਹੈ ਕਿ ਰਿਕਾਰਡ ਹੋਈਆਂ ਕੈਸੇਟਾਂ ਨੂੰ ਲੋਕਾਂ ਤੱਕ ਲਿਜਾਣ ਲਈ ਜੱਥੇਬੰਦੀਆਂ ਵੱਲੋਂ ਸਹਿਯੋਗ ਨਹੀਂ ਮਿਲਦਾ।

ਸਾਦ-ਮੁਰਾਦੀ ਸ਼ੈਲੀ ਵਿਚ ਲੋਕ-ਹਿੱਤਾਂ ਦੀ ਗੱਲ ਕਰਨ ਕਰਕੇ ਇਹ ਕਵੀਸ਼ਰੀ ਜੱਥਾ ਜਨ-ਸਮੂਹ ਵਿਚ ਬਹੁਤ ਹਰਮਨ-ਪਿਆਰਾ ਹੈ। ਇਹੀ ਕਾਰਨ ਹੈ ਕਿ ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ, ਪਿੰਡਾਂ ਦੀਆਂ ਸਭਾਵਾਂ ਵੱਲੋਂ ਸਮੇਂ-ਸਮੇਂ 'ਤੇ ਕਵੀਸ਼ਰੀ ਜੱਥੇ ਨੂੰ ਸਨਮਾਨ ਮਿਲਦਾ ਰਿਹਾ। ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਪਹਿਲੀ ਮਈ 2013 ਨੂੰ ਇਨਕਲਾਬੀ ਕਵੀਸ਼ਰੀ ਜੱਥੇ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਾਲ 2016 ਵਿਚ ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਕਵੀਸ਼ਰੀ ਜੱਥੇ ਦੀ ਦਸ ਗੀਤਾਂ ਦੀ ਆਡੀਓ ਸੀ.ਡੀ. ਤਿਆਰ ਕਰਵਾਈ ਗਈ। ਜਿਸ ਵਿਚ ਸਾਰੇ ਗੀਤ ਅਮਰਜੀਤ ਪ੍ਰਦੇਸ਼ੀ ਅਤੇ ਸਵਰਨ ਧਾਲੀਵਾਲ ਦੇ ਲਿਖੇ ਹੋਏ ਹਨ। ਇਸ ਕੈਸੇਟ ਵਿਚ ਮਨਦੀਪ ਰਸੂਲਪੁਰ ਅਤੇ ਹਰਵਿੰਦਰ ਰਸੂਲਪੁਰ ਨੇ ਗਾਇਕ ਵਜੋਂ ਕੰਮ ਕੀਤਾ ਜਦੋਂਕਿ ਰੁਪਿੰਦਰ ਰਸੂਲਪੁਰ ਨੇ ਕੁਮੈਂਟਰੀ ਕੀਤੀ, ਗੀਤਾਂ ਦੀ ਭੂਮਿਕਾ ਬੰਨੀ। ਸਾਲ 1990 ਤੋਂ ਇਨਕਲਾਬੀ ਕਵੀਸ਼ਰੀ ਜੱਥਾ, ਰਸੂਲਪੁਰ ਪੂਰੀ ਤਰ੍ਹਾਂ ਲੋਕ-ਪੱਖੀ ਸਭਿਆਚਾਰਕ ਲਹਿਰ ਨਾਲ ਜੁੜਿਆ ਹੋਇਆ ਹੈ। ਲੰਮੇ ਸਫ਼ਰ ਤੋਂ ਬਾਅਦ ਅੱਜ ਕਵੀਸ਼ਰੀ ਜੱਥਾ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕਾ ਹੈ। ਇਸਦੇ ਬਾਨੀ ਅਮਰਜੀਤ ਪ੍ਰਦੇਸੀ ਅੱਜ-ਕੱਲ੍ਹ ਸੇਹਤ ਦੀ ਸਮੱਸਿਆ ਹੋਣ ਕਾਰਨ ਜ਼ਿਆਦਾ ਸਫ਼ਰ ਨਹੀਂ ਕਰ ਸਕਦੇ। ਇਸ ਕਾਰਨ ਹੁਣ ਜੱਥੇ ਦੀ ਦੇਖ-ਰੇਖ ਦੀ

ਜ਼ਿੰਮੇਵਾਰੀ ਸਵਰਨ ਧਾਲੀਵਾਲ ਦੇ ਮੋਢਿਆਂ 'ਤੇ ਹੈ। ਅੱਜ-ਕੱਲ੍ਹ ਇਸ ਜੱਥੇ ਨੂੰ ਉਹ ਆਪਣੇ ਵੱਡੇ ਭਰਾ (ਅਮਰਜੀਤ ਪ੍ਰਦੇਸੀ) ਵਾਂਗ ਅਗਵਾਈ ਦੇ ਰਿਹਾ ਹੈ।

### 5. ਲੋਕ ਸੰਗੀਤ ਮੰਡਲੀ ਜੀਦਾ :

ਇਸ ਮੰਡਲੀ ਦੀ ਸਥਾਪਨਾ 1994 ਵਿਚ ਹੋਈ। ਇਸਦੇ ਸੰਚਾਲਕ ਜਗਸੀਰ ਜੀਦਾ ਹਨ ਜੋ ਪੇਸ਼ੇ ਤੋਂ ਡਾਕਟਰ ਹਨ। ਜਗਸੀਰ ਜੀਦਾ ਨਾ ਸਿਰਫ ਗਾਇਕ ਹੈ ਸਗੋਂ ਇਕ ਚੰਗਾ ਕਵੀ ਵੀ ਹੈ। ਲੋਕ ਸੰਗੀਤ ਮੰਡਲੀ ਲਈ ਤਕਰੀਬਨ ਸਾਰੇ ਗੀਤ ਉਹ ਆਪ ਲਿਖਦਾ ਹੈ। ਲੋਕ ਸੰਗੀਤ ਮੰਡਲੀ ਜੀਦਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਜਗਸੀਰ ਜੀਦਾ ਨਿੱਜੀ ਪੱਧਰ ਤੇ ਇਨਕਲਾਬੀ ਸਟੇਜਾਂ, ਧਰਨਿਆਂ, ਮੁਜ਼ਾਹਰਿਆਂ ਵਿਚ ਗੀਤ ਗਾਉਂਦਾ ਸੀ। 1994 ਤੱਕ ਪਹੁੰਚਦਿਆਂ ਦੋ ਹੋਰ ਵਿਅਕਤੀਆਂ ਨਾਲ ਰਲ ਕੇ ਜਗਸੀਰ ਜੀਦਾ ਨੇ ਲੋਕ ਸੰਗੀਤ ਮੰਡਲੀ, ਜੀਦਾ ਦੀ ਸਥਾਪਨਾ ਕੀਤੀ। ਗਿੱਦੜਬਾਹਾ ਨੇੜੇ ਪਿੰਡ ਗੁਰੂਸਰ ਦਾ ਗੁਰਦਾਸ ਅਤੇ ਬਬਾਣੀਆਂ ਪਿੰਡ ਦਾ ਦੀਪਕ ਤੇਜਾ ਇਸ ਕੰਮ ਲਈ ਉਸ ਨਾਲ ਜੁੜੇ। ਤਿੰਨਾਂ ਦੇ ਸਾਂਝੇ ਉੱਦਮਾਂ ਨਾਲ ਇਹ ਮੰਡਲੀ ਕਾਇਮ ਹੋਈ। ਗੁਰਦਾਸ ਅਤੇ ਦੀਪਕ ਤੇਜਾ ਸੰਗੀਤ ਮੰਡਲੀ ਦੇ ਮੁੱਢਲੇ ਗਾਇਕ ਹਨ। ਗੁਰਦਾਸ ਦਾ ਇਸ ਮੰਡਲੀ ਨਾਲ ਸਫ਼ਰ ਅਜੇ ਵੀ ਜਾਰੀ ਹੈ। ਇਹ ਸੰਗੀਤ ਮੰਡਲੀ ਪਲਸ ਮੰਚ ਦੇ ਨਾਲ-ਨਾਲ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਵੀ ਜੁੜੀ ਹੋਈ ਹੈ। 1984 ਵਿਚ ਤਰਕਸ਼ੀਲ ਸੁਸਾਇਟੀ ਹੋਂਦ ਵਿਚ ਆਈ। ਸੁਸਾਇਟੀ ਦੀ ਸਥਾਪਨਾ ਤੋਂ ਬਾਅਦ ਜਗਸੀਰ ਜੀਦੇ ਨੇ ਵਿਅੰਗਮਈ ਗੀਤ ਲਿਖਣੇ ਸ਼ੁਰੂ ਕੀਤੇ। ਤਰਕਸ਼ੀਲ ਸੁਸਾਇਟੀ ਅੰਧ-ਵਿਸ਼ਵਾਸ਼ਾਂ, ਧਾਰਮਿਕ ਕਰਮ-ਕਾਂਡਾਂ, ਜਾਦੂ-ਟੂਣੇ, ਜੰਤਰਾਂ-ਮੰਤਰਾਂ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕਰ ਰਹੀ ਸੀ। ਸੁਸਾਇਟੀ ਵੱਲੋਂ ਅੰਧ-ਵਿਸ਼ਵਾਸ਼ਾਂ ਖ਼ਿਲਾਫ਼ ਕੀਤਾ ਪ੍ਰਚਾਰ ਜਗਸੀਰ ਜੀਦੇ ਦੀਆਂ ਲਿਖਤਾਂ ਵਿਚ ਆਉਣਾ ਸ਼ੁਰੂ ਹੋਇਆ। ਸੰਗੀਤ ਮੰਡਲੀ ਦੇ ਹੋਂਦ ਵਿਚ ਆਉਣ ਮਗਰੋਂ ਤਰਕਸ਼ੀਲਾਂ ਦੀਆਂ ਸਟੇਜਾਂ ਤੋਂ ਪ੍ਰੋਗਰਾਮ ਪੇਸ਼ ਕੀਤੇ ਜਾਣ ਲੱਗੇ।

ਪਲਸ ਮੰਚ ਨਾਲ ਜੁੜੀਆਂ ਗੀਤ-ਸੰਗੀਤ ਮੰਡਲੀਆਂ ਵਿਚੋਂ ਲੋਕ ਸੰਗੀਤ ਮੰਡਲੀ ਜੀਦਾ ਪਹਿਲੀ ਅਜਿਹੀ ਮੰਡਲੀ ਹੈ ਜਿਸ ਵਿਚ ਗਾਇਕ ਅਤੇ ਸਾਜ਼ਿੰਦੇ ਵੱਖ-ਵੱਖ ਹਨ। ਅਕਸਰ ਹੀ ਗਾਇਕ ਸਾਜ਼ਿੰਦਿਆਂ ਦਾ ਰੋਲ ਨਿਭਾਉਂਦੇ ਹਨ ਜਦਕਿ ਇਹ ਸੰਗੀਤ ਮੰਡਲੀ ਪੇਸ਼ਕਾਰੀਆਂ ਸਮੇਂ ਸਾਜ਼ਿੰਦੇ ਬਾਹਰੋਂ ਲੈ ਕੇ ਜਾਂਦੀ ਹੈ। ਸਾਜ਼ਿੰਦਿਆਂ ਨੂੰ ਮੇਹਨਤਾਨਾ ਦੇਣ ਸਮੇਂ ਕਈ ਵਾਰ ਇਸ ਮੰਡਲੀ ਨੂੰ ਆਪਣੇ ਪੱਲਿਉਂ ਖ਼ਰਚਾ ਦੇਣਾ ਪੈਂਦਾ ਹੈ। ਜਿੱਥੋਂ ਤੱਕ ਮੰਡਲੀ ਦੀ ਆਰਥਿਕਤਾ ਦਾ ਸਵਾਲ ਹੈ, ਤਾਂ ਇਹ ਬਾਕੀ ਸੰਗੀਤ ਮੰਡਲੀਆਂ ਵਾਂਗ ਬਿਨਾਂ ਨਫ਼ੇ-ਨੁਕਸਾਨ ਤੋਂ ਕੰਮ ਕਰਦੀ ਆ ਰਹੀ ਹੈ। ਪ੍ਰਬੰਧਕਾਂ ਵੱਲੋਂ ਦਿੱਤਾ ਜਾਂਦਾ ਮੇਹਨਤਾਨਾ ਕਈ ਵਾਰ ਲੋੜਾਂ ਸਾਹਮਣੇ ਘੱਟ ਰਹਿ ਜਾਂਦਾ ਹੈ। ਉਂਝ ਇਸ ਮੰਡਲੀ ਦੇ ਸੰਚਾਲਕ ਵੱਲੋਂ ਆਪਣਾ ਨਿੱਜੀ ਖਾਤਾ ਬਣਾਇਆ ਗਿਆ ਹੈ ਜਿਸ ਵਿਚ ਮੰਡਲੀ ਦੇ ਖ਼ਰਚਿਆਂ ਲਈ ਕੁੱਝ ਰਾਸ਼ੀ ਜਮ੍ਹਾਂ ਕੀਤੀ ਜਾਂਦੀ ਹੈ। ਮੰਡਲੀ ਵੱਲੋਂ ਲੋਕ-ਕਾਵਿ ਦੀ ਵਿਧਾ ਬੋਲੀਆਂ ਤੇ ਗੀਤ ਹੀ ਜ਼ਿਆਦਾ ਗਾਉਣ ਕਾਰਨ ਆਪਣਾ ਪਹਿਰਾਵਾ ਵੀ ਉਸ ਤਰ੍ਹਾਂ ਦਾ ਰੱਖਿਆ ਗਿਆ ਹੈ, ਜੋ ਲੋਕ ਸਭਿਆਚਾਰ ਦੇ ਨੇੜੇ ਦਾ ਲੱਗੇ। ਪਹਿਰਾਵੇ ਵਿਚ ਰੰਗ ਦੀ ਕੋਈ ਬੰਦਿਸ਼ ਨਹੀਂ ਹੈ। ਪਲਸ ਮੰਚ ਵੱਲੋਂ ਸ਼ੁਰੂ ਕੀਤੇ ਕੈਸਟ-ਸਭਿਆਚਾਰ ਦੇ ਦੌਰ ਵਿਚ ਜੀਦੇ ਦੀ ਸੰਗੀਤ ਮੰਡਲੀ ਨੇ ਵੀ ਆਪਣੀਆਂ ਕੈਸੇਟਾਂ ਰਿਕਾਰਡ ਕਰਵਾਈਆਂ ਜਿਨ੍ਹਾਂ ਵਿਚ 'ਚੰਦਰੇ ਟੀ.ਵੀ. ਨੇ' ਪਹਿਲੀ ਕੈਸੇਟ ਆਈ ਜੋ 1996 ਵਿਚ ਰਿਕਾਰਡ ਹੋਈ। ਇਸ ਸਫ਼ਲਤਾ ਮਗਰੋਂ 'ਦੁੱਲਾ ਜੱਟ ਪੰਜਾਬ ਦਾ' (1997), 'ਤਰਕਸ਼ੀਲ ਗੀਤ' ਆਡੀਓ ਕੈਸੇਟਾਂ ਰਿਕਾਰਡ ਹੋਈਆਂ। ਇਸਤੋਂ ਇਲਾਵਾ ਪਿਛਲੇ ਸਮੇਂ ਵਿਚ 'ਗੂੰਜਾਂ ਗਦਰ ਦੀਆਂ' (2013) ਅਤੇ 'ਗਦਰ ਲਹਿਰ ਦਾ ਹੋਕਾ' (2015) ਦੋ ਵੀਡੀਓ ਕੈਸੇਟਾਂ ਤਿਆਰ ਕੀਤੀਆਂ ਗਈਆਂ ਜੋ ਲੋਕਾਂ ਵਿਚ ਬਹੁਤ ਮਕਬੂਲ ਹੋਈਆਂ। ਇਨ੍ਹਾਂ ਕੈਸੇਟਾਂ ਦੀ ਰਿਕਾਰਡਿੰਗ ਅਤੇ ਵੀਡੀਓ ਦਾ ਖ਼ਰਚਾ ਜ਼ਿਆਦਾਤਰ ਸੰਚਾਲਕ ਨੂੰ ਆਪਣੇ ਨਿੱਜੀ ਵਿੱਤੀ ਸਰੋਤਾਂ ਵਿਚੋਂ ਪੂਰਾ ਕਰਨਾ ਪਿਆ। ਇਸ ਮੰਡਲੀ ਵੱਲੋਂ ਹੁਣ ਤੱਕ 3000 ਦੇ ਲਗਭਗ ਸਟੇਜਾਂ ਤੋਂ ਪੇਸ਼ਕਾਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਇਸਦੇ ਇਕ ਸਾਲ ਦੇ ਪ੍ਰੋਗਰਾਮਾਂ ਦੀ ਗਿਣਤੀ 100 ਤੋਂ 120 ਦੇ ਦਰਮਿਆਨ ਬਣਦੀ ਹੈ। ਇਸਦੇ ਕੰਮ ਦਾ ਖੇਤਰ ਪੰਜਾਬ ਦੇ ਸਕੂਲਾਂ, ਕਾਲਜਾਂ, ਪਿੰਡਾਂ, ਸ਼ਹਿਰਾਂ ਦੇ ਨਾਲ-ਨਾਲ ਹੋਰ ਰਾਜਾਂ ਵਿਚ ਵੀ ਫੈਲਿਆ ਹੈ। ਪੰਜਾਬ ਤੋਂ ਬਾਹਰ ਰਾਜਸਥਾਨ, ਹਰਿਆਣਾ, ਝਾਰਖੰਡ, ਕਰਨਾਟਕਾ, ਤਾਮਿਲਨਾਡੂ ਵਿਚ ਵੱਖ-ਵੱਖ ਸਮਿਆਂ 'ਤੇ ਪ੍ਰੋਗਰਾਮ ਦਿੱਤੇ ਗਏ ਹਨ। ਇਸਤੋਂ ਬਿਨਾਂ ਦੂਰਦਰਸ਼ਨ ਜਲੰਧਰ ਵੱਲੋਂ ਕਰਵਾਏ ਜਾਂਦੇ ਕਵੀ ਦਰਬਾਰਾਂ ਵਿਚ ਵੀ ਮੰਡਲੀ ਦੇ ਸੰਚਾਲਕ ਵੱਲੋਂ ਇਨਕਲਾਬੀ ਬੋਲੀਆਂ ਪੇਸ਼

ਕੀਤੀਆਂ ਗਈਆਂ। ਆਧੁਨਿਕ ਧੁਨਾਂ 'ਤੇ ਆਧੁਨਿਕ ਸਾਜ਼ਾਂ (ਬੈਂਜੋ, ਮੰਡੋਲੀਅਨ, ਆਰਗਨ) ਨਾਲ ਲੋਕ-ਗਾਇਕੀ ਦੀ ਵਿਧਾ ਨੂੰ ਲੋਕ ਚੇਤਿਆਂ ਵਿਚ ਜਿੰਦਾ ਰੱਖਣ ਵਿਚ ਇਸ ਮੰਡਲੀ ਦਾ ਵੱਡਾ ਰੋਲ ਹੈ। ਅੰਧ-ਵਿਸ਼ਵਾਸ਼ਾਂ, ਅੰਧ-ਸ਼ਰਧਾ ਦੇ ਖ਼ਿਲਾਫ਼ ਵਿਗਿਆਨਕ ਚੇਤਨਾ ਦਾ ਪ੍ਰਚਾਰ-ਪਾਸਾਰ ਇਸਦੇ ਗੀਤਾਂ ਦਾ ਮੁੱਖ ਵਿਸ਼ਾ ਰਿਹਾ ਹੈ।

ਪਲਸ ਮੰਚ ਦੀਆਂ ਸੰਗੀਤ ਮੰਡਲੀਆਂ ਤੋਂ ਇਲਾਵਾ ਪਲਸ ਮੰਚ ਨਾਲ ਨਿੱਜੀ ਪੱਧਰ 'ਤੇ ਕੁੱਝ ਗਾਇਕ ਵੀ ਜੁੜੇ ਰਹੇ ਹਨ ਜਿਨ੍ਹਾਂ ਵਿਚ ਅਜਮੇਰ ਅਕਲੀਆ, ਰਾਮ ਸਿੰਘ ਹਠੂਰ, ਅੰਮ੍ਰਿਤਪਾਲ ਬਠਿੰਡਾ, ਮੁਖਤਿਆਰ ਜਫ਼ਰ ਆਦਿ ਨਾਂ ਵਰਣਨਯੋਗ ਹਨ। ਇਸਤੋਂ ਇਲਾਵਾ ਗੁਜਰਾਤ ਤੋਂ ਵਿਨੈ-ਚਾਰੁਲ ਨਾਂ ਦੀ ਇਕ ਲੋਕ-ਗਾਇਕ ਜੋੜੀ ਵੀ ਪਲਸ ਮੰਚ ਦੀਆਂ ਸਟੇਜਾਂ ਤੋਂ ਆਪਣੇ ਗੀਤ ਪੇਸ਼ ਕਰਦੀ ਰਹੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪਲਸ ਮੰਚ ਦੀਆ ਗੀਤ-ਸੰਗੀਤ ਮੰਡਲੀਆਂ ਲੋਕ-ਜੀਵਨ ਦੇ ਵਧੇਰੇ ਨਜ਼ਦੀਕ ਹੋ ਕੇ ਕੰਮ ਕਰਦੀਆਂ ਰਹੀਆਂ ਹਨ। ਉਨ੍ਹਾਂ ਦੇ ਕੰਮ ਕਰਨ ਦੇ ਢੰਗ-ਤਰੀਕਿਆਂ ਵਿਚ ਛੋਟੇ-ਵੱਡੇ ਫ਼ਰਕ ਹੋਣ ਦੇ ਬਾਵਜੂਦ ਵੀ ਉਦੇਸ਼ ਸਾਂਝਾ ਰਿਹਾ ਹੈ। ਬਦਲਵੇਂ ਸਭਿਆਚਾਰ ਦੀ ਸਥਾਪਤੀ ਲਈ ਵਚਨਬੱਧ ਰਹੀਆਂ ਇਹ ਟੀਮਾਂ 'ਨਾ ਲਾਭ ਨਾ ਹਾਨੀ'ਵਾਲੀ ਭਾਵਨਾ ਤਹਿਤ ਆਰਥਿਕ ਪੱਖ ਤੋਂ ਵੱਡੇ ਘਾਟੇ ਵੀ ਝੱਲਦੀਆਂ ਰਹੀਆਂ ਹਨ। ਵੱਖ-ਵੱਖ ਸੰਗੀਤ ਮੰਡਲੀਆਂ ਦੇ ਸੰਚਾਲਕਾਂ ਨਾਲ ਗੱਲਬਾਤ ਕਰਨ ਮਗਰੋਂ ਅਸੀ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਇਨ੍ਹਾਂ ਸੰਗੀਤ ਮੰਡਲੀਆਂ ਨੂੰ ਪਲਸ ਮੰਚ ਵੱਲੋਂ ਕੋਈ ਬੱਝਵਾਂ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਪਰ ਇਸਦੇ ਬਾਵਜੂਦ ਵੀ ਉਹ ਆਪਣੀ ਨਿੱਜੀ ਕਮਾਈ ਵਿਚੋਂ ਖ਼ਰਚਾ ਕਰਕੇ ਲੋਕ-ਪੱਖੀ ਗੀਤਾਂ ਦੀਆਂ ਕੈਸੇਟਾਂ ਤੇ ਅਖਾੜਿਆਂ ਰਾਹੀਂ ਨਰੋਏ ਸਭਿਆਂਚਾਰ ਦੀ ਸਥਾਪਤੀ ਲਈ ਵਚਨਬੱਧ ਰਹੀਆਂ ਹਨ। ਇਨਕਲਾਬੀ ਸਭਿਆਚਾਰ ਦੇ ਕਾਮੇ ਮਿਆਰੀ ਗੀਤਾਂ ਦੀਆਂ ਕੈਸੇਟਾਂ ਰਿਕਾਰਡ ਕਰਵਾ ਕੇ ਲੋਕਾਂ ਵਿਚ ਲੈ ਕੇ ਜਾਂਦੇ ਰਹੇ ਹਨ। ਸਥਾਪਤੀ ਵੱਲੋਂ ਸਮਾਜ ਅੰਦਰ ਲਗਾਤਾਰ ਪਰੋਸੇ ਜਾਣ ਵਾਲੇ ਗੀਤਾਂ ਦੇ ਬਦਲ ਵਿਚ ਗੀਤ-ਸੰਗੀਤ ਮੰਡਲੀਆਂ ਦਾ ਆਪਣੇ-ਆਪਣੇ ਪੱਧਰ 'ਤੇ ਮਿਸਾਲੀ ਅਦਾ ਰੋਲ ਰਿਹਾ ਹੈ।

## ਹਵਾਲੇ ਤੇ ਟਿੱਪਣੀਆਂ

1. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
2. ਉਹੀ
3. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
4. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
5. ਉਹੀ
6. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
7. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
8. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
9. ਜਗਰਾਜ ਧੌਲਾ, **ਮੈਨੂੰ ਦੱਸ ਸੱਜਣਾ** (ਗੀਤ ਸੰਗ੍ਰਹਿ), ਲੋਕ-ਸੰਗੀਤ ਮੰਡਲੀ ਧੌਲਾ, ਬਰਨਾਲਾ ਤੇ ਮਾਲਵਾ ਸਿਰਜਣਾ ਕੇਂਦਰ, ਬਰਨਾਲਾ, ਪਹਿਲੀ ਵਾਰ: ਅਗਸਤ 2006, ਪੰਨਾ 56
10. ਇਸ ਸੰਗੀਤ ਮੰਡਲੀ ਕੋਲ ਆਪਣਾ ਕੋਈ ਵੀ ਰਿਕਾਰਡ ਨਹੀਂ ਹੈ। ਕੈਸੇਟਾਂ ਕਦੋਂ ਰਿਲੀਜ਼ ਹੋਈਆਂ, ਇਸ ਬਾਰੇ ਪੁੱਛਣ ਉੱਤੇ ਉਹ ਸਿਰ/ ਅੰਦਾਜ਼ਾ ਲਗਾ ਕੇ ਹੀ ਦੱਸਦੇ ਹਨ। ਕੈਸੇਟਾਂ ਨਾਲ ਜਿਹੜੇ ਹੋਰ ਵਿਅਕਤੀ ਸੰਬੰਧਤ ਹਨ ਉਨ੍ਹਾਂ ਨਾਲ ਸੰਪਰਕ ਕੀਤਾ ਗਿਆ ਪਰ ਉਨ੍ਹਾਂ ਨੂੰ ਵੀ ਸਾਲ ਯਾਦ ਨਹੀਂ ਹਨ ਤੇ ਨਾ ਹੀ ਕੈਸੇਟਾਂ ਦੀ ਕੋਈ ਵੀ ਕਾਪੀ ਸੰਭਾਲੀ ਗਈ ਹੈ।
11. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
12. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ
13. ਮੇਰੀ ਨਿੱਜੀ ਮੁਲਾਕਾਤ ਦੌਰਾਨ ਇਕੱਤਰਿਤ ਤੱਥ

◈